## ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਨੂੰ ਦਿੱਤਾ ਗਿਆ ਅਕਾਦਮਿਕ ਲਾਭ।

ਕਿਸੇ ਵੀ ਸਿੱਖਿਆ ਕ੍ਰਮ ਵਿੱਚ ਸਹਿ-ਅਕਾਦਮਿਕ ਕਿਰਿਆਵਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਹਿ-ਅਕਾਦਮਿਕ ਕਿਰਿਆਵਾਂ ਵਜੋਂ ਆਯੋਜਿਤ ਕੀਤੇ ਜਾਂਦੇ ਵਿੱਦਿਅਕ ਮੁਕਾਬਲੇ ਰਾਜ ਦੇ ਸਕੂਲੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਸਹਾਈ ਤਾਂ ਹੁੰਦੇ ਹੀ ਹਨ, ਇਸ ਦੇ ਨਾਲ਼ ਹੀ ਇਹ ਸਾਡੇ ਵਿਰਸੇ ਅਤੇ ਸੱਭਿਆਚਾਰ ਦੇ ਰੱਖਿਅਕ ਵੀ ਹਨ।

ਅਜਿਹੇ ਮੁਕਾਬਲਿਆਂ ਦੇ ਮਹੱਤਵ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਬੋਰਡ ਦੁਆਰਾ ਆਯੋਜਿਤ ਇਹਨਾਂ ਸੱਭਿਆਚਾਰਿਕ ਮੁਕਾਬਲਿਆਂ ਨੂੰ ਯੂਨੀਵਰਸਿਟੀ ਪੱਧਰ ਦੇ 'ਅੰਤਰ ਖੇਤਰ ਯੁਵਕ ਮੇਲਿਆਂ' ਵਿੱਚ ਪ੍ਰਾਪਤੀ ਦੇ ਬਰਾਬਰ ਮੰਨਿਆ ਗਿਆ ਹੈ ਅਤੇ ਇਹਨਾਂ ਹੀ ਲੀਹਾਂ ਤੇ ਸਕੂਲ ਪੱਧਰ ‘ਤੇ ਵੀ ਇਹਨਾਂ ਮੁਕਾਬਲਿਆਂ ਨੂੰ ਅਕਾਦਮਿਕ ਲਾਭ ਦਿੱਤਾ ਗਿਆ ਹੈ। ਸਕੂਲ ਪੱਧਰ ਤੇ ਬੋਰਡ ਨਾਲ਼ ਸੰਬੰਧਿਤ ਹਰੇਕ ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫ਼ੀਲੀਏਟਿਡ ਸੰਸਥਾਵਾਂ ਵਿੱਚ ਪ੍ਰਤਿ 50 ਵਿਦਿਆਰਥੀ ਦੀ ਗਿਣਤੀ ਪਿੱਛੇ ਕਿਸੇ ਵੀ ਸਕੂਲ ਪੱਧਰ (ਮਿਡਲ, ਮੈਟ੍ਰਿਕ, ਸੀਨੀਅਰ ਸੈਕੰਡਰੀ) ਦੀ ਪ੍ਰਵੇਸ਼ ਜਮਾਤ (ਛੇਵੀਂ, ਨੌਵੀਂ, ਗਿਆਰ੍ਹਵੀਂ) ਵਿੱਚ ਬੋਰਡ ਵੱਲੋਂ ਪ੍ਰਵਾਨਿਤ ਸੀਟਾਂ ਤੋਂ ਇਲਾਵਾ ਇੱਕ ਵਾਧੂ ਸੀਟ ਬੋਰਡ ਦੁਆਰਾ ਆਯੋਜਿਤ ਵਿੱਦਿਅਕ ਮੁਕਾਬਲਿਆਂ ਵਿੱਚ ਭਾਗ ਲੈਣ ਵਾਲ਼ੇ ਵਿਦਿਆਰਥੀਆਂ ਲਈ ਉਹਨਾਂ ਦੀ ਪ੍ਰਾਪਤੀ-ਕ੍ਰਮ ਅਨੁਸਾਰ ਰਾਖਵੀਂ ਕੀਤੀ ਗਈ ਹੈ।

ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ ਅਤੇ ਭਲਾਈ ਯੋਜਨਾਵਾਂ

# ਨਿਯਮਾਵਲੀ ਪੁਸਤਕ

2016-17

ਗੁਣਾਤਮਿਕ ਸਿੱਖਿਆ ਅਤੇ ਖੇਤਰੀ ਸੇਵਾਵਾਂ

**ਪੰਜਾਬ ਸਕੂਲ ਸਿੱਖਿਆ ਬੋਰਡ**

ਐਸ.ਏ.ਐਸ.ਨਗਰ, ਮੋਹਾਲੀ

# ਪੰਜਾਬ ਸਕੂਲ ਸਿੱਖਿਆ ਬੋਰਡ

## ਗੁਣਾਤਮਿਕ ਸਿੱਖਿਆ ਅਤੇ ਖੇਤਰੀ ਸੇਵਾਵਾਂ ਸ਼ਾਖਾ ਵੱਲੋਂ ਆਯੋਜਿਤ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ ਅਤੇ ਭਲਾਈ ਯੋਜਨਾਵਾਂ

ਸੈਸ਼ਨ 2016-17

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਣ ਵਾਲ਼ੇ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਦੇ ਕੁੱਲ ਤਿੰਨ ਪੱਧਰ ਹੋਣਗੇ। (1) ਜ਼ਿਲ੍ਹਾ-ਪੱਧਰ (2) ਖੇਤਰ-ਪੱਧਰ (3) ਰਾਜ-ਪੱਧਰ। ਇਹ ਮੁਕਾਬਲੇ ਤਿੰਨ ਵਰਗਾਂ (ਪ੍ਰਾਇਮਰੀ ਵਰਗ, ਮਿਡਲ ਵਰਗ, ਸੈਕੰਡਰੀ ਵਰਗ) ਵਿੱਚ ਕਰਵਾਏ ਜਾਣਗੇ। ਇਹਨਾਂ ਨੂੰ ਸੁਚਾਰੂ ਢੰਗ ਨਾਲ਼ ਕਰਵਾਉਣ ਲਈ ਪੰਜਾਬ ਦੇ 22 **ਜ਼ਿਲ੍ਹਿਆਂ** ਨੂੰ ਚਾਰ ਖੇਤਰਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਦਾ ਵੇਰਵਾ 'ਨਿਯਮਾਵਲੀ ਪੁਸਤਕ' ਵਿੱਚ ਅੱਗੇ ਦਿੱਤਾ ਗਿਆ ਹੈ:-

### 1. ਵਰਗ ਅਨੁਸਾਰ ਮੁਕਾਬਲਿਆਂ ਦਾ ਵੇਰਵਾ:-

**1. ਪਹਿਲਾ ਵਰਗ (ਪਹਿਲੀ ਤੋਂ ਪੰਜਵੀਂ ਜਮਾਤ ਤੱਕ)**

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ ਲਿਖਾਈ (4) ਚਿੱਤਰਕਲਾ (5) ਸੋਲੋ-ਡਾਂਸ (6) ਲੋਕ-ਗੀਤ/ਗੀਤ।

**2. ਦੂਜਾ ਵਰਗ (ਛੇਵੀਂ ਤੋਂ ਅੱਠਵੀਂ ਜਮਾਤ ਤੱਕ)**

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ-ਲਿਖਾਈ (4) ਚਿੱਤਰਕਲਾ (5) ਸੋਲੋ-ਡਾਂਸ (6) ਲੋਕ-ਗੀਤ/ਗੀਤ (7) ਆਮ-ਗਿਆਨ (8) ਕਵੀਸ਼ਰੀ (9) ਵਾਰ-ਗਾਇਨ (10) ਕਵਿਤਾ-ਉਚਾਰਨ (11) ਭੰਗੜਾ-ਮੁੰਡਿਆਂ ਲਈ (12) ਗਿੱਧਾ-ਕੁੜੀਆਂ ਲਈ।

ਵਾਰ-ਗਾਇਨ, ਕਵੀਸ਼ਰੀ, ਆਮ-ਗਿਆਨ, ਭੰਗੜਾ ('ਮੁੰਡਿਆਂ' ਲਈ) ਅਤੇ ਗਿੱਧਾ ('ਕੁੜੀਆਂ' ਲਈ), ਸਿੱਧੇ ਤੌਰ 'ਤੇ ਖੇਤਰ-ਪੱਧਰ 'ਤੇ ਕਰਵਾਏ ਜਾਣਗੇ। ਜ਼ਿਲ੍ਹਾ-ਪੱਧਰ 'ਤੇ ਬਾਕੀ ਦੇ ਸੱਤ ਮੁਕਾਬਲੇ ਅੱਗੇ ਦਰਸਾਏ ਆਯੋਜਨ ਕੇਂਦਰਾਂ 'ਤੇ ਹੀ ਕਰਵਾਏ ਜਾਣਗੇ।

**3. ਤੀਜਾ ਵਰਗ (ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ)**

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ-ਲਿਖਾਈ (4) ਚਿੱਤਰਕਲਾ (5) ਲੋਕ-ਗੀਤ/ਗੀਤ (6) ਆਮ-ਗਿਆਨ (7) ਕਵੀਸ਼ਰੀ (8) ਵਾਰ-ਗਾਇਨ (9) ਕਵਿਤਾ ਉਚਾਰਨ (10) ਮੌ**ਲਿਕ-ਲਿਖਤ** (11) ਭੰਗੜਾ (12) ਗਿੱਧਾ (13) ਪੰਜਾਬੀ ਲੋਕ-ਨਾਚ ਸੰਮੀ ਅਤੇ ਲੁੱਡੀ (ਕੁੜੀਆਂ ਲਈ) ਮਲਵਈ ਗਿੱਧਾ ਅਤੇ ਝੂੰਮਰ (ਮੁੰਡਿਆਂ ਲਈ) (14) ਇਕਾਂਗੀ (15) ਗਤਕਾ-ਮੁੰਡਿਆਂ ਲਈ (16) ਗਤਕਾ-ਕੁੜੀਆਂ ਲਈ।

ਤੀਜੇ ਵਰਗ ਦੇ ਕੁੱਲ 16 ਮੁਕਾਬਲਿਆਂ ਵਿੱਚੋਂ ਮੌਲਿਕ-ਲਿਖਤ, ਵਾਰ-ਗਾਇਨ, ਕਵੀਸ਼ਰੀ, ਆਮ-ਗਿਆਨ, ਭੰਗੜਾ (ਮੁੰਡਿਆਂ ਲਈ), ਗਿੱਧਾ (ਕੁੜੀਆਂ ਲਈ), ਲੋਕ-ਨਾਚ, ਇਕਾਂਗੀ,ਗਤਕਾ (ਮੁੰਡਿਆਂ ਲਈ) ਅਤੇ ਗਤਕਾ (ਕੁੜੀਆਂ ਲਈ) ਸਿੱਧੇ ਖੇਤਰ-ਪੱਧਰ 'ਤੇ ਕਰਵਾਏ ਜਾਣਗੇ।ਜ਼ਿਲ੍ਹਾ-ਪੱਧਰ 'ਤੇ ਬਾਕੀ ਦੇ ਛੇ ਮੁਕਾਬਲੇ ਅੱਗੇ ਦਰਸਾਏ ਆਯੋਜਨ ਕੇਂਦਰਾਂ 'ਤੇ ਹੀ ਕਰਵਾਏ ਜਾਣਗੇ।

**4. ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਵਿਧੀ :**

**(ੳ) ਪ੍ਰਵੇਸ਼ ਕਮ-ਰਜਿਸਟਰੇਸ਼ਨ ਫ਼ਾਰਮ-(ਤਿੰਨੇ ਵਰਗਾਂ ਲਈ)**

ਕਿਸੇ ਵੀ ਸਕੂਲ ਮੁਖੀ ਵੱਲੋਂ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਰੁਚੀ ਅਤੇ ਕਾਬਲੀਅਤ ਨੂੰ ਧਿਆਨ ਵਿੱਚ ਰੱਖ ਕੇ 'ਨਿਯਮਾਵਲੀ ਪੁਸਤਕ' ਵਿੱਚ ਦਰਜ ਹਦਾਇਤਾਂ ਅਨੁਸਾਰ ਜ਼ਿਲ੍ਹਾ-ਪੱਧਰ ਦੇ ਮੁਕਾਬਲਿਆਂ ਲਈ ਇੱਕ

ਵਿਦਿਆਰਥੀ/ਟੀਮ ਦਾ ਪੂਰਾ ਵੇਰਵਾ ਅਤੇ ਆਪਣੇ ਸਕੂਲ ਦਾ ਪੂਰਾ ਪਤਾ, ਜ਼ਿਲ੍ਹਾ, ਪ੍ਰਿੰਸੀਪਲ ਦਾ ਮੋਬਾਇਲ ਨੰਬਰ ਅਤੇ ਸਕੂਲ ਦਾ ਫ਼ੋਨ ਨੰਬਰ ਫ਼ਾਰਮ ਵਿੱਚ ਦਰਜ ਕੀਤਾ ਜਾਣਾ ਜ਼ਰੂਰੀ ਹੈ।ਅੰਤ ਵਿੱਚ ਲੱਗੇ ਪ੍ਰਵੇਸ਼-ਕਮ-ਰਜਿਸਟਰੇਸ਼ਨ ਫ਼ਾਰਮ (ਐਫ਼.ਪੀ.-2), ਹਰ ਪੱਖੋਂ ਮੁਕੰਮਲ ਕਰਕੇ ਦੋ ਪੜ੍ਹਤਾਂ ਵਿੱਚ ਭਰਿਆ ਜਾਵੇਗਾ। ਇਸ ਫ਼ਾਰਮ ਦੀ ਇੱਕ ਪੜ੍ਹਤ, ਉਪ ਡਾਇਰੈਕਟਰ (ਗੁਣਾਤਮਿਕ ਸਿੱਖਿਆ ਤੇ ਖੇਤਰੀ ਸੇਵਾਵਾਂ) ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, **ਐਸ. ਏ. ਐਸ. ਨਗਰ ਨੂੰ** ਦਸਤੀ ਜਾਂ ਰਜਿਸਟਰਡ ਡਾਕ ਰਾਹੀਂ **ਮੁਕਾਬਲੇ ਸ਼ੁਰੂ ਹੋਣ ਤੋਂ 10 ਦਿਨ ਪਹਿਲਾਂ ਹਰ ਹਾਲ ਵਿੱਚ ਭੇਜਿਆ ਜਾਵੇ। ਲੇਟ ਫ਼ਾਰਮ ਚੇਅਰਪਰਸਨ ਜੀ ਦੀ ਪ੍ਰਵਾਨਗੀ ਉਪਰੰਤ ਹੀ ਪ੍ਰਵਾਨ ਕੀਤੇ ਜਾਣਗੇ।** 'ਨਿਯਮਾਵਲੀ ਪੁਸਤਕ' ਦੇ ਅੰਤ ਵਿੱਚ ਦਰਜ ਅਸਲ ਪ੍ਰਵੇਸ਼-ਫ਼ਾਰਮ ਭਰ ਕੇ ਆਪਣੇ **ਜ਼ਿਲ੍ਹੇ** ਨਾਲ਼ ਸੰਬੰਧਿਤ ਆਯੋਜਨ ਕੇਂਦਰ ਮੁਖੀ ਨੂੰ ਭੇਜਿਆ ਜਾਵੇ। ਇਹ ਪ੍ਰਵੇਸ਼ ਫ਼ਾਰਮ ਮੁਕਾਬਲੇ ਸ਼ੁਰੂ ਹੋਣ ਤੋਂ **ਪੰਜ** ਦਿਨ ਪਹਿਲਾਂ ਸੰਬੰਧਿਤ ਥਾਂਵਾਂ ਤੇ ਪਹੁੰਚਾਏ ਜਾਣੇ ਜ਼ਰੂਰੀ ਹਨ। ਤੀਜੀ ਪੜ੍ਹਤ, ਮੁਕਾਬਲੇ ਦੇ ਸਮੇ ਵਿਦਿਆਰਥੀ/ਟੀਮ ਦੀ ਰਜਿਸਟਰੇਸ਼ਨ ਵੇਲੇ ਪੇਸ਼ ਕੀਤੀ ਜਾਵੇ।ਹਰੇਕ ਵਰਗ ਲਈ ਮੁਕਾਬਲਾ-ਵਾਰ ਵੱਖ-ਵੱਖ ਪ੍ਰਵੇਸ਼-ਕਮ-ਰਜਿਸਟਰੇਸ਼ਨ-ਫ਼ਾਰਮ ਭਰ ਕੇ ਭੇਜੇ ਜਾਣਗੇ। ਫ਼ਾਰਮ ਵਿੱਚ ਨਿਸ਼ਚਿਤ ਸਥਾਨ ਤੇ ਵਿਦਿਆਰਥੀ ਦੀ ਸਟੈਂਪ ਸਾਈਜ਼ ਤਸਦੀਕ ਸ਼ੁਦਾ ਫੋਟੋ ਚਿਪਕਾਈ ਜਾਣੀ ਜ਼ਰੂਰੀ ਹੈ।

ਅਧੂਰੇ ਅਤੇ ਦੇਰ ਨਾਲ਼ ਪ੍ਰਾਪਤ ਹੋਏ ਫ਼ਾਰਮਾਂ ਸੰਬੰਧੀ ਅਯੋਜਨ ਕੇਂਦਰ ਮੁਖੀ ਹਾਲਾਤ ਵਾਚਣ ਉਪਰੰਤ ਆਪਣੀ ਪੱਧਰ 'ਤੇ ਯੋਗ ਨਿਰਨਾ ਲੈ ਸਕਦੇ ਹਨ।

ਨੋਟ: 1. **ਇਹਨਾਂ ਮੁਕਾਬਲਿਆਂ ਵਿੱਚ ਪੰਜਾਬ ਰਾਜ ਦੇ ਸਰਕਾਰੀ, ਏਡਿਡ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ਼ ਐਫ਼ੀਲੀਏਟਿਡ ਸਕੂਲਾਂ ਦੇ ਰੈਗੂਲਰ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ।**

5. **ਰਜਿਸਟਰੇਸ਼ਨ ਅਤੇ ਮੁਕਾਬਲੇ ਦਾ ਸਮਾ:-**

ਜ਼ਿਲ੍ਹਾ, ਖੇਤਰ ਅਤੇ ਰਾਜ-ਪੱਧਰ ਦੇ ਮੁਕਾਬਲਿਆਂ ਦੀ/ਵਰਗ ਵਾਰ, ਰਜਿਸਟਰੇਸ਼ਨ ਨਿਸ਼ਚਿਤ ਮਿਤੀਆਂ ਵਾਲ਼ੇ ਦਿਨ ਸਵੇਰੇ 10.00 ਵਜੇ ਤੱਕ ਸੰਬੰਧਿਤ ਆਯੋਜਨ ਕੇਂਦਰਾਂ ਵਿੱਚ ਕੀਤੀ ਜਾਵੇਗੀ। ਇਸ ਤੋਂ ਬਾਅਦ ਪਹੁੰਚਣ ਵਾਲੇ ਵਿਦਿਆਰਥੀ/ਟੀਮ ਨੂੰ ਕਿਸੇ ਵੀ ਮੁਕਾਬਲੇ ਵਿੱਚ ਭਾਗ ਲੈਣ ਦੀ ਆਗਿਆ ਨਹੀਂ ਹੋਵੇਗੀ। ਸੰਬੰਧਿਤ ਟੀਮਾਂ/ ਵਿਦਿਆਰਥੀਆਂ ਨੂੰ ਆਯੋਜਨ ਕੇਂਦਰ 'ਚ ਸਮੇਂ ਸਿਰ ਪਹੁੰਚਾਉਣ ਦੀ ਜ਼ਿੰਮੇਵਾਰੀ ਟੀਮ ਮੁਖੀ/ਸਕੂਲ ਮੁਖੀ ਦੀ ਹੋਵੇਗੀ।ਮੁਕਾਬਲੇ **ਸ਼ੁਰੂ ਹੋਣ ਦਾ** ਸਮਾ ਸਵੇਰੇ 10:15 ਦਾ ਹੋਵੇਗਾ।

6. **ਮੁਕਾਬਲਿਆਂ ਦੀਆਂ ਮਿਤੀਆਂ:-**

**ਜ਼ਿਲ੍ਹਾ-ਪੱਧਰ ਦੇ ਮੁਕਾਬਲੇ ਹੇਠ ਲਿਖੇ ਅਨੁਸਾਰ ਦੋ ਰੂਟਾਂ ਵਿੱਚ ਕਰਵਾਏ ਜਾਣਗੇ:**

(ੳ) **ਜ਼ਿਲ੍ਹਾ**-ਪੱਧਰ: ਪਹਿਲਾ ਰੂਟ

| ਪਹਿਲਾ ਵਰਗ | 02.08.2016 |
|---|---|
| ਦੂਜਾ ਵਰਗ | 03.08.2016 |
| ਤੀਜਾ ਵਰਗ | 04.08.2016 |

**ਜ਼ਿਲ੍ਹਾ**-ਪੱਧਰ: ਦੂਜਾ ਰੂਟ

| ਪਹਿਲਾ ਵਰਗ | 30.08.2016 |
|---|---|
| ਦੂਜਾ ਵਰਗ | 31.08.2016 |
| ਤੀਜਾ ਵਰਗ | 01.09.2016 |

**ਜ਼ਿਲ੍ਹਾ-ਪੱਧਰ ਲਈ ਪਹਿਲਾ ਰੂਟ:-** (ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਫਤਿਹਗੜ੍ਹ ਸਾਹਿਬ, ਐਸ.ਏ.ਐਸ.ਨਗਰ (ਮੋਹਾਲੀ), ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮੋਗਾ, ਗੁਰਦਾਸਪੁਰ, ਹੁਸ਼ਿਆਰਪੁਰ, ਸੰਗਰੂਰ)

**ਜ਼ਿਲ੍ਹਾ ਪੱਧਰ ਲਈ ਦੂਜਾ ਰੂਟ:-** (ਬਠਿੰਡਾ, ਪਟਿਆਲਾ, ਜਲੰਧਰ, ਫਾਜ਼ਿਲਕਾ, ਸ਼ਹੀਦ ਭਗਤ ਸਿੰਘ ਨਗਰ, ਫਿਰੋਜ਼ਪੁਰ, ਰੋਪੜ, ਬਰਨਾਲਾ, ਪਠਾਨਕੋਟ, ਲੁਧਿਆਣਾ, ਮਾਨਸਾ)

(ਅ) **ਖੇਤਰ-ਪੱਧਰ ਦੀਆਂ ਮਿਤੀਆਂ:-**

ਪਹਿਲਾ ਵਰਗ 02.11.2016

ਦੂਜਾ ਵਰਗ 03.11.2016

ਤੀਜਾ ਵਰਗ 04.11.2016

(ੲ) **ਰਾਜ-ਪੱਧਰ ਦੀਆਂ ਮਿਤੀਆਂ**

ਪਹਿਲਾ ਵਰਗ 09.12.2016

ਦੂਜਾ ਵਰਗ 10.12.2016

ਤੀਜਾ ਵਰਗ 11.12.2016

(ਸ) **ਵੱਖ-ਵੱਖ ਖੇਤਰਾਂ ਵਿੱਚ ਆਉਂਦੇ ਜ਼ਿਲ੍ਹਿਆਂ ਦਾ ਵੇਰਵਾ:-**

| **ਖੇਤਰ** | **ਜ਼ਿਲ੍ਹੇ** |
|---|---|
| ਅੰਮ੍ਰਿਤਸਰ | ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਤਰਨਤਾਰਨ, ਪਠਾਨਕੋਟ। |
| ਬਠਿੰਡਾ | ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ। |
| ਐਸ.ਏ.ਐਸ.ਨਗਰ | ਪਟਿਆਲਾ, ਫਤਿਹਗੜ੍ਹ ਸਾਹਿਬ, ਐਸ.ਏ.ਐਸ.ਨਗਰ, ਰੋਪੜ, **ਸੰਗਰੂਰ।** |
| ਜਲੰਧਰ | ਜਲੰਧਰ, ਲੁਧਿਆਣਾ, ਮੋਗਾ, ਬਰਨਾਲਾ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ। |

(ਹ) **ਜ਼ਰੂਰੀ ਨੋਟ : ਖੇਤਰ ਅਤੇ ਰਾਜ-ਪੱਧਰ ਦੇ ਮੁਕਾਬਲਿਆਂ ਦੇ 'ਗਤਕਾ' ਅਤੇ ਇਕਾਂਗੀ ਮੁਕਾਬਲੇ ਜੋ ਸੈਕੰਡਰੀ ਪੱਧਰ ਦੇ ਹਨ, ਪ੍ਰਾਇਮਰੀ-ਵਰਗ ਦੇ ਮੁਕਾਬਲਿਆਂ ਵਾਲੇ ਦਿਨ (ਮੁਕਾਬਲਿਆਂ ਦੇ ਪਹਿਲੇ ਦਿਨ) ਕਰਵਾਏ ਜਾਣਗੇ।**

7. **ਆਯੋਜਨ ਵਿਧੀ:**

(ੳ) **ਜ਼ਿਲ੍ਹਾ-ਪੱਧਰ:**

(I) ਇਹ ਮੁਕਾਬਲੇ 'ਨਿਯਮਾਵਲੀ ਪੁਸਤਕ' ਵਿੱਚ ਦਰਜ ਅਧਿਐਨ ਕੇਂਦਰਾਂ ਵਿਖੇ ਨਿਸ਼ਚਿਤ ਮਿਤੀਆਂ ਅਨੁਸਾਰ ਬੋਰਡ ਵੱਲੋਂ ਕਰਵਾਏ ਜਾਣਗੇ।

(II) ਹਰੇਕ ਜ਼ਿਲ੍ਹੇ ਵਿੱਚ ਇਹਨਾਂ ਮੁਕਾਬਲਿਆਂ ਦੇ ਸੁਚੱਜੇ ਆਯੋਜਨ/ਪ੍ਰਬੰਧ ਲਈ ਬੋਰਡ ਵੱਲੋਂ ਦਫ਼ਤਰ ਦੇ ਦੋ ਅਧਿਕਾਰੀ ਅਤੇ ਇੱਕ ਕਰਮਚਾਰੀ ਨਿਯੁਕਤ ਕੀਤਾ ਜਾਵੇਗਾ।

(III) ਜ਼ਿਲ੍ਹਾ-ਪੱਧਰ 'ਤੇ ਹਰੇਕ ਮੁਕਾਬਲੇ ਵਿੱਚ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀ/ਟੀਮਾਂ ਖੇਤਰ-ਪੱਧਰ 'ਤੇ ਹੋਣ ਵਾਲ਼ੇ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੇ।

(IV) ਆਯੋਜਨ ਕੇਂਦਰ ਮੁਖੀ ਜੇਤੂ ਵਿਦਿਆਰਥੀ/ਟੀਮਾਂ ਨੂੰ ਖੇਤਰ 'ਤੇ ਭਾਗ ਲੈਣ ਲਈ ਆਰਜ਼ੀ ਸਰਟੀਫ਼ਿਕੇਟ ਜਾਰੀ ਕਰਨਗੇ।

(ਅ) ਖੇਤਰ-ਪੱਧਰ:

(1) ਖੇਤਰ-ਪੱਧਰ 'ਤੇ ਹੋਣ ਵਾਲ਼ੇ ਮੁਕਾਬਲਿਆਂ ਦੀ ਐਂਟਰੀ ਸਿੱਧੀ ਖੇਤਰ-ਪੱਧਰ 'ਤੇ ਹੀ ਹੋਵੇਗੀ ਅਤੇ ਰਜਿਸਟ੍ਰੇਸ਼ਨ ਫ਼ਾਰਮ ਆਯੋਜਨ ਕੇਂਦਰਾਂ ਅਤੇ ਬੋਰਡ ਦੇ ਦਫ਼ਤਰ ਵਿੱਚ 15 ਅਕਤੂਬਰ ਤੱਕ ਹਰ ਹਾਲ ਵਿੱਚ ਭੇਜੇ ਜਾਣ।

(2) **ਖੇਤਰ-ਪੱਧਰ ਦੇ ਟੀਮ** ਮੁਕਾਬਲੇ ਵਿੱਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲ਼ੀਆਂ ਟੀਮਾਂ ਅਤੇ ਵਿਦਿਆਰਥੀ ਰਾਜ-ਪੱਧਰ 'ਤੇ ਭਾਗ ਲੈ ਸਕਦੇ ਹਨ **ਅਤੇ ਸਿੰਗਲ ਮੁਕਾਬਲੇ ਭਾਵ ਸੁੰਦਰ ਲਿਖਾਈ, ਚਿੱਤਰਕਲਾ, ਭਾਸ਼ਣ, ਕਵਿਤਾ, ਆਮ ਗਿਆਨ, ਮੌਲਿਕ ਲਿਖਤ, ਸੋਲੋ-ਡਾਂਸ, ਗੀਤ ਆਦਿ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਰਾਜ-ਪੱਧਰ ਤੇ ਭਾਗ ਲੈ ਸਕਦੇ ਹਨ।**

(ੲ) ਰਾਜ-ਪੱਧਰ:

(I) ਰਾਜ-ਪੱਧਰ ਦੇ ਮੁਕਾਬਲੇ 'ਨਿਯਮਾਵਲੀ' ਪੁਸਤਕ ਵਿੱਚ ਦਰਜ ਮਿਤੀਆਂ ਅਨੁਸਾਰ(ਐਸ.ਏ.ਐਸ ਨਗਰ)ਮੁਹਾਲੀ ਵਿਖੇ ਆਯੋਜਿਤ ਕਰਵਾਏ ਜਾਣਗੇ।ਜੇਕਰ ਇਸ ਸੰਬੰਧੀ ਕੋਈ ਸੋਧ/ਤਬਦੀਲੀ ਬੋਰਡ ਵੱਲੋਂ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਵੇਰਵੇ ਸਹਿਤ ਖੇਤਰ ਵਿੱਚ ਦੇ ਦਿੱਤੀ ਜਾਵੇਗੀ।

8. ਆਮ ਨਿਯਮ:

(I) **ਹਰੇਕ ਸਕੂਲ ਦਾ ਵਿਦਿਆਰਥੀ ਆਪਣੇ ਵਰਗ ਵਿੱਚ ਵੱਧ ਤੋਂ ਵੱਧ ਤਿੰਨ ਮੁਕਾਬਲਿਆਂ ਵਿੱਚ ਭਾਗ ਲੈ ਸਕਦਾ ਹੈ ਪਰ** ਲੋਕ-ਗੀਤ, ਭਾਸ਼ਣ, ਕਵਿਤਾ, ਸੁੰਦਰ ਲਿਖਾਈ ,ਚਿੱਤਰ ਕਲਾ, ਆਮ-ਗਿਆਨ, ਮੌਲਿਕ-ਲਿਖਤ, ਸੋਲੋ- ਡਾਂਸ ਦੇ ਮੁਕਾਬਲਿਆਂ ਵਿੱਚ ਇੱਕ ਸਕੂਲ ਦਾ ਕੇਵਲ ਇੱਕ ਹੀ ਵਿਦਿਆਰਥੀ ਭਾਗ ਲੈ ਸਕਦਾ ਹੈ।ਸੁੰਦਰ ਲਿਖਾਈ ਲਈ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ **ਇਹਨਾਂ ਤਿਨਾਂ ਮਾਧਿਅਮ ਲਈ ਇੱਕ ਸਕੂਲ, ਕੇਵਲ ਇੱਕ ਹੀ ਵਿਦਿਆਰਥੀ ਨੂੰ ਮੁਕਾਬਲੇ ਲਈ ਭੇਜ ਸਕਦਾ ਹੈ।** ਮੁਕਾਬਲਿਆਂ ਦੌਰਾਨ ਜੇਕਰ ਕੋਈ ਭਾਗ ਲੈਣ ਵਾਲ਼ਾ ਵਿਦਿਆਰਥੀ ਬਿਮਾਰ ਹੋ ਜਾਂਦਾ ਹੈ ਜਾਂ ਕਿਸੇ ਖ਼ਾਸ ਮਜਬੂਰੀ ਕਾਰਨ ਉਹ ਦੂਜੇ ਪੜਾਅ ਹੋਣ ਵਾਲ਼ੇ ਮੁਕਾਬਲੇ ਵਿੱਚ ਭਾਗ ਨਹੀਂ ਲੈ ਸਕਦਾ ਤਾਂ ਉਸ ਸੰਸਥਾ ਦਾ ਪ੍ਰਿੰਸੀਪਲ, ਡਿਪਟੀ ਡਾਇਰੈਕਟਰ (ਫੀਲਡ ਪ੍ਰੋਗਰਾਮ) ਪੰਜਾਬ ਸਕੂਲ ਸਿੱਖਿਆ ਬੋਰਡ, **ਐਸ.ਏ.ਐਸ. ਨਗਰ** ਨੂੰ ਅਰਜ਼ੀ ਦੇ ਨਾਲ਼ ਵਿਦਿਆਰਥੀ ਦੇ ਪੁਖਤਾ ਸਬੂਤ ਲਾ ਕੇ ਪੁੰਹਚਾਏਗਾ ਅਤੇ ਡਿਪਟੀ ਡਾਇਰੈਕਟਰ ਦੀ ਪ੍ਰਵਾਨਗੀ ਉਪਰੰਤ ਉਸ ਦੀ ਜਗ੍ਹਾ ਤੇ ਕੋਈ ਹੋਰ ਵਿਦਿਆਰਥੀ ਜੋ ਉਸੇ ਵਰਗ ਦਾ ਹੋਵੇ, ਮੁਕਾਬਲੇ ਵਿੱਚ ਭਾਗ ਲੈ ਸਕਦਾ ਹੈ।ਡਿਪਟੀ ਡਾਇਰੈਕਟਰ ਦੀ ਪ੍ਰਵਾਨਗੀ ਨਾਲ਼ ਭਾਗ ਲੈਣ ਵਾਲ਼ੇ ਵਿਦਿਆਰਥੀ ਨੂੰ ਹੀ ਇਨਾਮ/ਸਰਟੀਫ਼ਿਕੇਟ ਦਿੱਤਾ ਜਾਵੇਗਾ। ਇਸ ਨੂੰ ਵਾਧੂ ਖਿਡਾਰੀ ਨਾ ਸਮਝਿਆ ਜਾਵੇ। ਟੀਮ ਦੀ ਗਿਣਤੀ ਵਿੱਚ ਕੋਈ ਵਾਧਾ ਨਹੀਂ ਹੋਵੇਗਾ।

(II) ਲਗਾਤਾਰ ਹਰ ਸਾਲ ਸਕੂਲਾਂ ਵੱਲੋਂ ਇੱਕੋ ਹੀ ਆਇਟਮ **ਵਾਰ-ਵਾਰ** ਨਾ ਦੁਹਰਾਈ ਜਾਵੇ।

(III) **ਕੋਈ ਵੀ ਮੁਕਾਬਲੇ ਦੀ ਆਇਟਮ ਜ਼ਿਲ੍ਹਾ-ਪੱਧਰ ਤੋਂ ਬਾਅਦ, ਖੇਤਰ-ਪੱਧਰ ਅਤੇ ਰਾਜ-ਪੱਧਰ ਤੇ ਦੁਹਰਾਉਣੀ ਜ਼ਰੂਰੀ ਨਹੀਂ ਹੈ। ਆਇਟਮ ਨੂੰ ਦੂਜੇ ਵਰਗਾਂ ਵਿੱਚ ਬਦਲਿਆ ਜਾ ਸਕਦਾ ਹੈ ਭਾਵ ਜ਼ਿਲ੍ਹਾ-ਪੱਧਰ ਤੇ ਗਾਇਆ ਗੀਤ ਜਾਂ ਗਾਇਨ ਕੀਤੇ ਸ਼ਬਦ ਨੂੰ ਅਗਲੇ ਪੜ੍ਹਾਅ ਦੇ ਮੁਕਾਬਲਿਆਂ ਵਿੱਚ ਬਦਲਿਆ ਵੀ ਜਾ ਸਕਦਾ ਹੈ।**

(IV) ਟੀਮ/ ਵਿਦਿਆਰਥੀ ਨਾਲ਼ ਭੇਜੇ ਗਏ ਅਧਿਆਪਕ ਲਈ ਆਯੋਜਕਾਂ ਵੱਲੋਂ ਮੰਗ ਕਰਨ ਤੇ ਆਪਣਾ ਰੰਗੀਨ ਪਛਾਣ-ਪੱਤਰ/ਸਕੂਲ ਮੁਖੀ ਵੱਲੋਂ ਜਾਰੀ ਕੀਤਾ ਗਿਆ 'ਅਥਾਰਿਟੀ ਪੱਤਰ' ਵਿਖਾਉਣਾ ਲਾਜ਼ਮੀ ਹੋਵੇਗਾ।

(V) ਹਰ ਮੁਕਾਬਲੇ ਲਈ ਨਿਰਧਾਰਿਤ ਸਮੇਂ ਵਿੱਚ 15 ਸੈਕਿੰਡ ਦੀ ਰਿਆਇਤ ਦਿੱਤੀ ਜਾਵੇਗੀ।

(VI) ਮੁਕਾਬਲਿਆਂ ਲਈ ਬੋਰਡ ਵੱਲੋਂ ਨਿਸ਼ਚਿਤ ਕੀਤੀ ਗਈ ਟੀਮ ਮੈਂਬਰਾਂ ਦੀ ਗਿਣਤੀ ਘਟਾਈ/ਵਧਾਈ ਨਹੀਂ ਜਾਵੇਗੀ।

(VII) ਕਿਸੇ ਵੀ ਮੁਕਾਬਲੇ ਵਿੱਚ ਕੋਈ ਵੀ ਅੰਸ਼ ਅਸ਼ਲੀਲ, ਰਾਸ਼ਟਰ ਵਿਰੋਧੀ, ਜਾਤ-ਪਾਤ, ਕਿਸੇ ਵਰਗ ਜਾਂ ਧਰਮ ਨੂੰ ਠੇਸ ਪਹੁੰਚਾਉਣ ਵਾਲ਼ਾ ਨਹੀਂ ਹੋਣਾ ਚਾਹੀਦਾ।

(VIII) ਮੁਕਾਬਲੇ ਵਿੱਚ ਭਾਗ ਲੈ ਰਹੇ ਕਿਸੇ ਵੀ ਸਕੂਲ ਦੇ ਵਿਦਿਆਰਥੀ, ਅਧਿਆਪਕ ਜਾਂ ਸਹਿਯੋਗੀ ਵੱਲੋਂ ਕਿਸੇ ਵੀ ਕਿਸਮ ਦੀ ਬਦਸਲੂਕੀ ਕਰਨ ਕਰਕੇ ਉਸ ਸਕੂਲ ਵਿਰੁੱਧ ਬੋਰਡ ਵੱਲੋਂ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

(IX) ਬੋਰਡ ਦੇ ਨਿਯਮਾਂ ਅਨੁਸਾਰ ਵਿੱਦਿਅਕ ਮੁਕਾਬਲਿਆਂ ਦੇ ਨਤੀਜੇ ਸੰਬੰਧੀ ਅੰਤਿਮ ਨਿਰਨਾ ਲੈਣ ਦਾ ਅਧਿਕਾਰ ਸੰਬੰਧਿਤ ਜੱਜਾਂ ਕੋਲ਼ ਹੁੰਦਾ ਹੈ ਫਿਰ ਵੀ ਜੇਕਰ ਕੋਈ ਸਕੂਲ/ਵਿਅਕਤੀ ਜੱਜਾਂ ਦੇ ਨਿਰਨੇ ਸੰਬੰਧੀ ਅਪੀਲ ਕਰਨਾ ਚਾਹੇ ਤਾਂ ਉਹ ਮੁਕਾਬਲਾ ਖ਼ਤਮ ਹੋਣ ਤੋਂ ਕੰਮ ਵਾਲ਼ੇ (Working days) ਦੋ ਦਿਨਾਂ ਦੇ ਅੰਦਰ ਬੋਰਡ ਦੇ ਮੁੱਖ-ਦਫ਼ਤਰ ਵਿੱਚ ਗਰੁੱਪ ਆਈਟਮ ਲਈ 5000/- ਰੁਪਏ ਅਤੇ ਇਕੱਲੇ ਮੁਕਾਬਲੇ ਲਈ 3000/-ਰੁਪਏ ਪ੍ਰਤਿ ਮੁਕਾਬਲਾ, ਅਪੀਲ-ਫ਼ੀਸ ਜਮ੍ਹਾਂ ਕਰਵਾ ਕੇ 5 ਦਿਨਾਂ ਦੇ ਅੰਦਰ ਪੂਰੇ ਦਸਤਾਵੇਜ਼ੀ ਸਬੂਤਾਂ ਸਮੇਤ ਆਪਣੀ ਪ੍ਰਤਿ ਬੇਨਤੀ, ਉਪ-ਡਾਇਰੈਕਟਰ (ਫੀਲਡ ਪ੍ਰੋਗਰਾਮ) ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ ਨਗਰ, ਨੂੰ ਭੇਜ ਸਕਦਾ ਹੈ।ਜਮ੍ਹਾਂ ਕਰਵਾਈ ਫ਼ੀਸ ਦੀ ਅਸਲ ਰਸੀਦ ਪ੍ਰਤਿ ਬੇਨਤੀ ਨਾਲ਼ ਭੇਜੀ ਜਾਵੇ। ਇਹ ਫ਼ੀਸ ਕਿਸੇ ਵੀ ਸੂਰਤ ਵਿੱਚ ਮੋੜਨ ਯੋਗ ਨਹੀਂ ਹੋਵੇਗੀ। ਰਾਜ-ਪੱਧਰ ਦੇ ਮੁਕਾਬਲਿਆਂ ਵਿੱਚ ਅਪੀਲ ਦਰਸਾਈ ਵਿਧੀ ਅਨੁਸਾਰ ਮੌਕੇ 'ਤੇ ਕੀਤੀ ਜਾਵੇਗੀ ਅਤੇ ਤਕਨੀਕੀ ਕਮੇਟੀ ਉਸੇ ਵੇਲ਼ੇ ਅਪੀਲ ਤੇ ਨਿਰਨਾ ਦੇਵੇਗੀ।

(X) ਸੰਬੰਧਿਤ ਸਕੂਲ ਮੁਖੀ ਵੱਲੋਂ ਕਿਸੇ ਵੀ ਮੁਕਾਬਲੇ ਵਿੱਚ ਬਾਹਰਲੇ ਵਰਗ ਅਤੇ ਬਾਹਰਲੇ ਸਕੂਲ ਦੇ ਵਿਦਿਆਰਥੀ ਨੂੰ ਸ਼ਾਮਲ ਕਰਨ ਤੇ ਸਕੂਲ ਨੂੰ ਅਗਲੇ ਤਿੰਨ ਸਾਲਾਂ ਲਈ ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਨਹੀਂ ਲੈਣ ਦਿੱਤਾ ਜਾਵੇਗਾ।

(XI) ਸਹਿਯੋਗੀਆਂ ਨੂੰ ਟੀਮ ਦੇ ਮੈਂਬਰ ਤਦ ਹੀ ਮੰਨਿਆ ਜਾਵੇਗਾ ਜੇਕਰ ਉਹ ਸੰਬੰਧਿਤ ਵਰਗ ਦੇ ਵਿਦਿਆਰਥੀ ਹੋਣਗੇ ਅਤੇ ਟੀਮ ਦੇ ਮੈਂਬਰਾਂ ਲਈ ਨਿਸਚਿਤ ਗਿਣਤੀ (ਸੀਮਾ) ਅਧੀਨ ਆਉਣਗੇ।

(XII) ਜੇਕਰ ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਲੈ ਰਹੀ ਟੀਮ ਦੇ ਵਿਦਿਆਰਥੀ ਖ਼ੁਦ ਹੀ ਸਾਜ਼ ਵਜਾਉਂਦੇ ਹਨ ਤਾਂ ਸਮੁੱਚੇ ਪ੍ਰਭਾਵ ਹੇਠ ਉਹਨਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਵੇਗਾ।

(XIII) ਗਿੱਧੇ, ਭੰਗੜੇ ਅਤੇ ਲੋਕ-ਨਾਚਾਂ ਤੋਂ ਬਿਨਾਂ ਸਾਰੀਆਂ ਟੀਮਾਂ ਵਿੱਚ ਲੜਕੇ ਅਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ।

(XIV) ਇਹਨਾਂ ਨਿਯਮਾਂ ਵਿੱਚ ਕਿਸੇ ਕਿਸਮ ਦੀ ਸੋਧ/ਤਬਦੀਲੀ/ਛੋਟ ਅਤੇ ਵਿਆਖਿਆ ਕਰਨ ਦਾ ਅਧਿਕਾਰ ਚੇਅਰਪਰਸਨ,ਪੰਜਾਬ ਸਕੂਲ ਸਿੱਖਿਆ ਬੋਰਡ ਕੋਲ਼ ਹੋਵੇਗਾ ਅਤੇ ਮੁਕਾਬਲਿਆਂ ਦੌਰਾਨ ਵਿਸ਼ੇਸ਼ ਸਥਿਤੀ, ਸਮੇਂ ਅਤੇ ਵਿਦਿਆਰਥੀ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਅਧਿਕਾਰ ਦੀ ਵਰਤੋਂ ਡਿਪਟੀ ਡਾਇਰੈਕਟਰ (ਗਸਖਸ)

ਵੱਲੋਂ ਕੀਤੀ ਜਾ ਸਕਦੀ ਹੈ ਅਤੇ ਇਸ ਸੰਬੰਧੀ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਬਾਅਦ ਵਿੱਚ ਸੂਚਨਾ ਦੇ ਦਿੱਤੀ ਜਾਵੇਗੀ।

9. **ਇਨਾਮ ਅਤੇ ਸਰਟੀਫ਼ਿਕੇਟ:**

I. ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਇਨਾਮ ਦਿੱਤੇ ਜਾਣਗੇ। ਜੇਤੂ ਵਿਦਿਆਰਥੀਆਂ ਦੇ ਸਰਟੀਫ਼ਿਕੇਟ ਸਾਰੇ ਮੁਕਾਬਲੇ ਖਤਮ ਹੋਣ ਤੋਂ ਕੁਝ ਦਿਨਾਂ ਉਪਰੰਤ ਸੰਬੰਧਿਤ ਸਕੂਲਾਂ ਵਿੱਚ ਭੇਜੇ ਜਾਣਗੇ।

II. ਰਾਜ-ਪੱਧਰ ਦੇ ਮੁਕਾਬਲਿਆਂ ਵਿੱਚ 'ਬਰਾਬਰ ਅੰਕ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ/ਟੀਮਾਂ ਟਾਸ ਕਰਨਗੀਆਂ। ਪਹਿਲਾਂ ਟਾਸ ਜਿੱਤਣ ਵਾਲ਼ਾ ਵਿਦਿਆਰਥੀ/ਟੀਮ ਹੀ ਰਾਜ-ਪੱਧਰ 'ਤੇ ਇਨਾਮ ਲੈ ਕੇ ਜਾਵੇਗਾ। ਬਰਾਬਰ ਅੰਕ ਪ੍ਰਾਪਤ ਕਰਨ ਅਤੇ ਟਾਸ ਹਾਰਨ ਵਾਲੇ ਵਿਦਿਆਰਥੀ/ਟੀਮਾਂ ਨੂੰ ਟਰਾਫ਼ੀ ਬਾਅਦ ਵਿੱਚ ਦਿੱਤੀ ਜਾਵੇਗੀ।

III. ਓਵਰ-ਆਲ ਟਰਾਫ਼ੀ ਲਈ ਰਾਜ-ਪੱਧਰ ਤੇ ਕੇਵਲ ਗਰੁੱਪ ਆਈਟਮ ਨੂੰ ਪਹਿਲੇ ਸਥਾਨ ਲਈ 10 ਅੰਕ, ਦੂਜੇ ਸਥਾਨ ਲਈ 7 ਅੰਕ ਅਤੇ ਤੀਜੇ ਸਥਾਨ ਨੂੰ 4 ਅੰਕ ਦਿੱਤੇ ਜਾਣਗੇ। ਇਕੱਲੇ ਮੁਕਾਬਲੇ ਲਈ ਪਹਿਲੇ ਨੂੰ 5 ਅੰਕ, ਦੂਜੇ ਸਥਾਨ ਨੂੰ 3 ਅੰਕ ਅਤੇ ਤੀਜੇ ਸਥਾਨ ਨੂੰ 1 ਅੰਕ ਦਿੱਤਾ ਜਾਵੇਗਾ।

10. **ਪਛਾਣ-ਪੱਤਰ ਸੰਬੰਧੀ:**

ਹਰ ਪੱਧਰ 'ਤੇ ਹਰੇਕ ਵਿਦਿਆਰਥੀ/ਅਧਿਆਪਕ/ਸਜ਼ਿੰਦੇ ਆਦਿ ਲਈ ਪਛਾਣ-ਪੱਤਰ ਸਕੂਲ ਮੁਖੀ ਵੱਲੋਂ ਤਸਦੀਕ ਕਰਕੇ ਦਿੱਤਾ ਜਾਵੇਗਾ। ਇਹ ਪਛਾਣ-ਪੱਤਰ ਵਿਦਿਆਰਥੀ/ਅਧਿਆਪਕ ਹਰ ਸਮੇਂ ਹਰ ਪੱਧਰ 'ਤੇ ਆਪਣੇ ਕੋਲ਼ ਰੱਖੇਗਾ ਅਤੇ ਪਛਾਣ-ਪੱਤਰ ਜਾਰੀ ਕਰਨ ਦਾ ਨਮੂਨਾ 'ਨਿਯਮਾਵਲੀ ਪੁਸਤਕ' 'ਤੇ ਦਰਜ ਹੈ।ਹਰ ਵਿਦਿਆਰਥੀ, ਅਧਿਆਪਕ ਅਤੇ ਸਜ਼ਿੰਦੇ ਲਈ ਰੰਗੀਨ ਫ਼ੋਟੋਗਰਾਫ਼ ਪਛਾਣ-ਪੱਤਰ ਦਾ ਹਿੱਸਾ ਹੋਵੇਗਾ।

11. **ਜੱਜਾਂ ਦੀ ਨਿਯੁਕਤੀ ਅਤੇ ਜੱਜਮੈਂਟ/ਕਾਰਜ:**

**(I)** ਆਮ-ਗਿਆਨ ਮੁਕਾਬਲੇ ਲਈ ਦੋ ਜੱਜ ਅਤੇ ਬਾਕੀ ਮੁਕਾਬਲਿਆਂ ਲਈ ਬੋਰਡ ਵੱਲੋਂ ਤਿੰਨ-ਤਿੰਨ ਜੱਜਾਂ ਦੀ ਨਿਯੁਕਤੀ ਕੀਤੀ ਜਾਵੇਗੀ।

**(II)** ਬੋਰਡ ਵੱਲੋਂ ਨਿਯੁਕਤ ਕੀਤੇ ਜੱਜਾਂ ਵਿੱਚੋਂ ਜੇਕਰ ਕੋਈ ਜੱਜ ਸਮੇਂ ਸਿਰ ਆਯੋਜਨ ਕੇਂਦਰ ਵਿੱਚ ਨਹੀਂ ਪਹੁੰਚਦਾ ਤਾਂ ਉਸ ਦੀ ਥਾਂ 'ਤੇ ਆਯੋਜਨ ਕੇਂਦਰ ਮੁਖੀ ਅਤੇ ਬੋਰਡ ਵੱਲੋਂ ਆਯੋਜਨ ਕੇਂਦਰ 'ਤੇ ਡਿਊਟੀ ਦੇ ਰਿਹਾ ਬੋਰਡ ਅਧਿਕਾਰੀ ਨਿਰਧਾਰਤ ਯੋਗਤਾ ਅਤੇ ਕਾਬਲੀਅਤ ਰੱਖਣ ਵਾਲ਼ੇ ਕਿਸੇ ਹੋਰ ਵਿਅਕਤੀ ਨੂੰ ਬਤੌਰ ਜੱਜ ਨਿਯੁਕਤ ਕਰ ਸਕਦੇ ਹਨ ਬਸ਼ਰਤੇ ਨਵ-ਨਿਯੁਕਤ ਜੱਜ ਨਾਲ਼ ਸੰਬੰਧਿਤ ਕੋਈ ਵਿਦਿਆਰਥੀ ਉਸ ਮੁਕਾਬਲੇ ਵਿੱਚ ਹਿੱਸਾ ਨਾ ਲੈ ਰਿਹਾ ਹੋਵੇ। ਨਿਯੁਕਤੀ ਕਰਨ ਤੋਂ ਪਹਿਲਾਂ ਇਸ ਸੰਬੰਧੀ ਫ਼ੋਨ ਤੇ ਡਿਪਟੀ ਡਾਇਰੈਕਟਰ (ਫੀਲਡ ਪ੍ਰੋਗਰਾਮ) ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ।

**(III)** ਜੱਜਮੈਂਟ ਕਰਨ ਵਾਲ਼ੇ ਜੱਜਾਂ ਨੂੰ ਇੱਕ ਦੂਜੇ ਤੋਂ ਲਗਪਗ 4-5 ਫੁੱਟ ਦੀ ਦੂਰੀ 'ਤੇ ਬੈਠਣ ਦਾ ਪ੍ਰਬੰਧ ਕੀਤਾ ਜਾਵੇ।ਨਾਲ਼ ਹੀ ਪ੍ਰਬੰਧਕਾਂ ਨੂੰ ਇਸ ਗੱਲ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੱਜਾਂ ਨੂੰ ਸਟੇਜ ਤੇ ਪੂਰੀ ਪੇਸ਼ਕਾਰੀ ਦੇਖਣ ਵਿੱਚ ਕੋਈ ਔਕੜ ਨਾ ਆਵੇ। ਨਤੀਜਾ ਬਣਾਉਣ ਸਮੇਂ ਤਿੰਨੇ ਜੱਜ ਆਪਸ ਵਿੱਚ ਮਿਲ਼ ਕੇ ਬੋਰਡ ਅਧਿਕਾਰੀ ਦੀ ਮੌਜੂਦਗੀ ਵਿੱਚ ਨਤੀਜਾ ਤਿਆਰ ਕਰਨਗੇ।

**(IV)** ਨਿਯੁਕਤ ਜੱਜ, ਜੱਜਮੈਂਟ ਲਈ ਵੱਖ-ਵੱਖ ਮੁਲਾਂਕਣ ਪ੍ਰੋਫ਼ਾਰਮੇ ਦੀ ਵਰਤੋਂ ਕਰਨਗੇ। ਮੁਲਾਂਕਣ ਪ੍ਰੋਫ਼ਾਰਮਿਆਂ 'ਤੇ ਜੱਜਾਂ ਵੱਲੋਂ ਵਿਦਿਆਰਥੀਆਂ/ਟੀਮਾਂ ਨੂੰ ਦਿੱਤੇ ਅੰਕਾਂ ਦੇ ਆਧਾਰ 'ਤੇ ਆਯੋਜਨ ਕੇਂਦਰ ਮੁਖੀ ਮੈਰਿਟ ਅਨੁਸਾਰ ਪਹਿਲੇ ਪੰਜ

ਸਥਾਨ ਅਤੇ ਉਹਨਾਂ ਦੇ ਅੰਕ ਦਰਸਾਉਂਦੇ ਹੋਏ ਨਤੀਜਾ ਸ਼ੀਟ ਤਿਆਰ ਕਰਨਗੇ ਅਤੇ ਇਸ ’ਤੇ ਪੂਰੇ ਪਤੇ ਸਮੇਤ ਤਿੰਨੇ ਜੱਜਾਂ ਦੇ ਹਸਤਾਖਰ ਵੀ ਹੋਣੇ ਲਾਜ਼ਮੀ ਹਨ। ਇਹ ਨਤੀਜਾ ਸ਼ੀਟ ਆਯੋਜਨ ਕੇਂਦਰ ਮੁਖੀ ਵੱਲੋਂ ਵੀ ਤਸਦੀਕ ਕੀਤੀ ਹੋਵੇਗੀ।

**(V)** ਜੇਕਰ ਕੋਈ ਜੱਜ ਸਾਹਿਬਾਨ ਚਾਹੁਣ ਤਾਂ ਆਪਸੀ ਸਹਿਮਤੀ ਬਣਾ ਕੇ ਭਾਗ ਲੈ ਚੁੱਕੀਆਂ ਟੀਮਾਂ ਦੀ ਪੇਸ਼ਕਾਰੀ ਤੇ ਟਿੱਪਣੀ ਕਰਕੇ ਉਹਨਾਂ ਦੀਆਂ ਊਣਤਾਈਆਂ ਬਾਰੇ ਜਾਣਕਾਰੀ ਵੀ ਦੇ ਸਕਦੇ ਹਨ।

**(VI)** ‘ਨਿਯਮਾਵਲੀ ਪੁਸਤਕ’ ਵਿੱਚ ਦਰਜ ਅੰਕਾਂ ਦੀ ਵੰਡ ਦੇ ਆਧਾਰ ’ਤੇ ਹੀ ਮੁਕਾਬਲਿਆਂ ਦੀ ਜੱਜਮੈਂਟ ਕੀਤੀ ਜਾਵੇ।

**(VII)** ਆਯੋਜਨ ਕੇਂਦਰ ਪ੍ਰਬੰਧਕ ਅਤੇ ਜੱਜ ਸਾਹਿਬਾਨ ਆਪਸੀ ਤਾਲਮੇਲ ਨਾਲ਼ ਇਹ ਯਕੀਨੀ ਬਣਾ ਲੈਣ ਕਿ ਮੁਕਾਬਲਿਆਂ ਦੀ ਜੱਜਮੈਂਟ ਦੇ ਸਮੇਂ ਦੌਰਾਨ ਜੱਜ ਸਹਿਬਾਨ ਨੂੰ ਹਰ ਅਜਿਹੀ ਗਤੀ ਵਿਧੀ (ਮੋਬਾਇਲ ਦੀ ਵਰਤੋਂ) ਮੁਕਾਬਲੇ ਸਮੇਂ ਚਾਹ-ਪਾਣੀ, ਜੱਜਾਂ ਦੀ ਕਿਸੇ ਦੂਜੇ ਵਿਅਕਤੀ ਨਾਲ਼ ਗੱਲ-ਬਾਤ ਆਦਿ) ਤੋਂ ਨਿਰਲੇਪ ਰੱਖਿਆ ਜਾਵੇ ਤਾਂ ਜੋ ਉਹਨਾਂ ’ਤੇ ਇਹ ਇਲਜ਼ਾਮ ਨਾ ਲੱਗ ਸਕੇ ਕਿ ਉਹਨਾਂ ਨੇ ਜੱਜਮੈਂਟ ਸਮੇਂ ਪੇਸ਼ਕਾਰੀ ਵੱਲ ਪੂਰਾ ਧਿਆਨ ਨਹੀਂ ਦਿੱਤਾ।

**(VIII)** ਮੁਕਾਬਲੇ ਦੀ ਅੰਤਿਮ ਜੱਜਮੈਂਟ ਵਿੱਚ ਲੜੀ ਨੰ:/ਕੋਡ ਦੇ ਨਾਲ਼-ਨਾਲ਼ ਵਿਦਿਆਰਥੀ/ਟੀਮ ਦੇ ਵਿਦਿਆਰਥੀਆਂ ਦਾ ਨਾਂ ਅਤੇ ਸਕੂਲ ਦਾ ਨਾਂ ਪੂਰਾ ਅਤੇ ਸਹੀ ਦਰਜ ਕੀਤਾ ਜਾਵੇ।

**(IX)** ਪਹਿਲੇ ਤੋਂ ਪੰਜਵੇਂ ਸਥਾਨ ਤੇ ਆਉਣ ਵਾਲ਼ੇ ਵਿਦਿਆਥੀ/ਟੀਮ ਦੇ ਪੂਰੇ ਵਿਦਿਆਰਥੀਆਂ ਦੇ ਨਾਂ, ਸਕੂਲ ਦਾ ਪੂਰਾ ਅਤੇ ਸਹੀ ਨਾਂ, ਨਾਲ਼ ਭਰੇ ਨਤੀਜਾ ਪ੍ਰੋਫ਼ਾਰਮਾ ਅਤੇ ਰਜਿਸਟੇਸ਼ਨ-ਫ਼ਾਰਮ ਤਿਆਰ ਕੀਤੀ ਅੰਤਿਮ ਜੱਜਮੈਂਟ ਦੇ ਨਾਲ਼-ਨੱਥੀ ਕੀਤੇ ਜਾਣ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

12. **ਨਤੀਜੇ:**

**(I)** ਹਰੇਕ ਪੱਧਰ ਦੇ ਹਰੇਕ ਮੁਕਾਬਲੇ ਵਿੱਚੋਂ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਜੇਤੂ ਵਿਦਿਆਰਥੀਆਂ ਦੇ ਨਤੀਜੇ ਮੁਕਾਬਲਾ ਖ਼ਤਮ ਹੋਣ ਉਪਰੰਤ ਸਟੇਜ ਤੋਂ ਘੋਸ਼ਿਤ ਕੀਤੇ ਜਾਣਗੇ।

**(II)** ਜ਼ਿਲ੍ਹਾ ਅਤੇ ਖੇਤਰ-ਪੱਧਰ ਉੱਤੇ ਕਿਸੇ ਮੁਕਾਬਲੇ ਵਿੱਚ ਅੰਕਾਂ ਦੇ ਆਧਾਰ ਤੇ ਕੋਈ ਟੀਮ/ਵਿਦਿਆਰਥੀ ਬਰਾਬਰ ਸਥਾਨ ਪ੍ਰਾਪਤ ਕਰਦੇ ਹਨ ਤਾਂ ਦੋਵਾਂ ਟੀਮਾਂ ਦਾ ਮੁਖੀ, ਆਯੋਜਨ ਕੇਂਦਰ ਮੁਖੀ, ਸੰਬੰਧਿਤ ਜੱਜ ਅਤੇ ਬੋਰਡ ਵੱਲੋਂ ਭੇਜੇ ਗਏ ਅਧਿਕਾਰੀ ਦੀ ਹਾਜ਼ਰੀ ਵਿੱਚ ਟਾਸ/ਪਰਚੀ ਸਿਸਟਮ ਰਾਹੀਂ ਸਥਾਨ ਪ੍ਰਾਪਤੀ ਬਾਰੇ ਨਿਰਨਾ ਕੀਤਾ ਜਾਵੇਗਾ। ਇਸ ਫ਼ੈਸਲੇ ਨੂੰ ਅੰਤਿਮ ਮੰਨਦੇ ਹੋਏ ਸੰਬੰਧਿਤ ਟੀਮ/ਵਿਦਿਆਰਥੀ/ਸਕੂਲ ਮੁਖੀ ਵੱਲੋਂ ਕਿਸੇ ਕਿਸਮ ਦਾ ਕੋਈ ਕਿੰਤੂ-ਪਰੰਤੂ ਵਿਚਾਰ ਯੋਗ ਨਹੀਂ ਹੋਵੇਗਾ।

13. **ਆਯੋਜਨ ਕੇਂਦਰ ਵੱਲੋਂ ਨਿਭਾਏ ਜਾਣ ਵਾਲ਼ੇ ਕਾਰਜ:**

(I) ਮੁਕਾਬਲਿਆਂ ਲਈ ਯੋਗ ਪ੍ਰਬੰਧ ਕਰਨੇ।

(II) ਬੋਰਡ ਅਧਿਕਾਰੀਆਂ ਨਾਲ਼ ਤਾਲ-ਮੇਲ ਕਰਕੇ ਬਾਹਰੋਂ ਆਏ ਟੀਮ ਮੁਖੀਆਂ ਅਤੇ ਜੱਜਾਂ ਨੂੰ ਸਹਿਯੋਗ ਦੇਣਾ।

(III) ਕੇਂਦਰ ਮੁਖੀ ਹਰੇਕ ਮੁਕਾਬਲੇ ਦੇ ਨਤੀਜੇ ਦੀ ਇੱਕ ਫੋਟੋ ਕਾਪੀ ਘੱਟੋ-ਘੱਟ ਇੱਕ ਸਾਲ ਲਈ ਆਪਣੇ ਰਿਕਾਰਡ ਵਿੱਚ ਰੱਖਣਗੇ।

(IV) ਸੁੰਦਰ-ਲਿਖਾਈ, ਚਿੱਤਰਕਲਾ, ਮੌਲਿਕ-ਲਿਖਤ ਅਤੇ ਆਮ-ਗਿਆਨ ਮੁਕਾਬਲਿਆਂ ਦੇ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਦੀਆਂ ਉੱਤਰ-ਪੱਤਰੀਆਂ ਸੀਲ ਬੰਦ ਕਰਕੇ ਬੋਰਡ ਅਧਿਕਾਰੀ ਨੂੰ ਸੌਂਪਣਗੇ ਅਤੇ ਬਾਕੀ ਉੱਤਰ-ਪੱਤਰੀਆਂ ਆਪਣੇ ਰਿਕਾਰਡ ਵਿੱਚ ਰੱਖਣਗੇ।

(V) ਖਰਚੇ ਦੀਆਂ ਰਸੀਦਾਂ ਨੂੰ ਆਯੋਜਨ ਕੇਂਦਰ ਮੁਖੀ ਤਸਦੀਕ ਕਰਨਗੇ।

14. **ਅਨੁਸ਼ਾਸ਼ਨ ਭੰਗ ਕਰਨ ਸੰਬੰਧੀ/ਮੁਕਾਬਲਿਆਂ ਦੌਰਾਨ ਕੀਤੀ ਬਦਸਲੂਕੀ ਸੰਬੰਧੀ ਹੋਣ ਵਾਲੀ ਕਾਰਵਾਈ ਬਾਰੇ:**

ੳ) **ਜੱਜਾਂ ਸਾਹਿਬਾਨਾਂ ਨਾਲ਼ ਕੀਤੀ ਬਦਸਲੂਕੀ:** ਜ਼ਿਲ੍ਹਾ-ਪੱਧਰ 'ਤੇ ਦੋ ਸਾਲਾਂ ਲਈ ਟੀਮ/ਵਿਦਿਆਰਥੀ ਆਯੋਗ ਅਤੇ ਖੇਤਰ-ਪੱਧਰ ਲਈ ਟੀਮ/ਵਿਦਿਆਰਥੀ ਨੂੰ ਤਿੰਨ ਸਾਲ ਲਈ ਆਯੋਗ ਕੀਤਾ ਜਾਵੇਗਾ।

ਅ) **ਬੋਰਡ ਅਧਿਕਾਰੀਆਂ/ਆਯੋਜਨ ਕੇਂਦਰ ਮੁਖੀ ਨਾਲ਼ ਕੀਤੀ ਬਦਸਲੂਕੀ:**
ਮੌਕੇ 'ਤੇ ਹੀ ਵਿਦਿਆਰਥੀ/ਟੀਮ ਆਯੋਗ ਮੰਨੇ ਜਾਣਗੇ, ਅਜਿਹੇ ਵਿਦਿਆਰਥੀ/ਟੀਮ ਕਿਸੇ ਵੀ ਸੂਰਤ ਵਿੱਚ ਅਗਲੇ ਪੜਾਅ 'ਤੇ ਭਾਗ ਨਹੀਂ ਲੈ ਸਕਣਗੇ।

ੲ) **ਸਕੂਲ ਸੰਪਤੀ/ਬੋਰਡ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੀ ਸੂਰਤ ਵਿੱਚ:**
ਜ਼ਿਲ੍ਹਾ-ਪੱਧਰ/ਖੇਤਰੀ-ਪੱਧਰ 'ਤੇ ਨੁਕਸਾਨ ਕਰਨ ਵਾਲ਼ੇ ਸੰਬੰਧਿਤ ਸਕੂਲ ਪੰਜ ਸਾਲ ਲਈ ਕਿਸੇ ਵੀ ਮੁਕਾਬਲੇ ਵਿੱਚ ਭਾਗ ਨਹੀਂ ਲੈ ਸਕੇਗਾ ਅਤੇ ਕੀਤੇ ਗਏ ਨੁਕਸਾਨ ਦੀ ਭਰਪਾਈ ਵੀ ਸਕੂਲ ਤੋਂ ਹੀ ਵਸੂਲ ਕੀਤੀ ਜਾਵੇਗੀ।

15. **ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਸਹਿ-ਅਕਾਦਮਿਕ ਮੁਕਾਬਲਿਆਂ ਦਾ ਵੇਰਵਾ:**

## (1) ਸ਼ਬਦ-ਗਾਇਨ

(ਇਹ ਮੁਕਾਬਲਾ ਤਿੰਨੇ ਵਰਗਾਂ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ **ਹੋਵੇਗਾ**)

**I.** **ਸਮਾ:-**

(1) ਪਹਿਲਾ ਵਰਗ — 3 ਮਿੰਟ ਤੋਂ 5 ਮਿੰਟ

(2) ਦੂਜਾ ਵਰਗ ਅਤੇ ਤੀਜਾ ਵਰਗ — 5 ਮਿੰਟ ਤੋਂ 7 ਮਿੰਟ

**II.** ਸ਼ਬਦ-ਗਾਇਨ ਲਈ ਸ਼ਬਦ, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚੋਂ ਹੀ ਲਿਆ ਜਾਵੇਗਾ।

**III.** ਸ਼ਬਦ-ਗਾਇਨ ਦੀ ਤਾਲ ਕੋਈ ਵੀ ਹੋ ਸਕਦੀ ਹੈ।

**IV.** ਟੀਮ ਵਿੱਚ ਤਿੰਨ ਤੋਂ ਪੰਜ ਤੱਕ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ। ਟੀਮ ਦੇ ਨਾਲ਼ ਵੱਧ ਤੋਂ ਵੱਧ ਦੋ ਬਾਹਰੀ ਸਜ਼ਿੰਦੇ ਸਿਰਫ਼ ਹਰਮੋਨੀਅਮ ਅਤੇ ਤਬਲਾ ਵਜਾਉਣ ਲਈ ਸ਼ਾਮਲ ਹੋ ਸਕਦੇ ਹਨ।

**V.** ਸ਼ਬਦ-ਗਾਇਨ ਵਿੱਚ ਹਿੱਸਾ ਲੈਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ ਵੱਧ ਤੋਂ ਵੱਧ ਪੰਜ ਹੋਵੇਗੀ। ਸਾਜ਼ੀ, ਟੀਮ ਦਾ ਹਿੱਸਾ ਨਹੀਂ ਮੰਨੇ ਜਾਣਗੇ ਪਰ ਕਿਸੇ ਸੂਰਤ ਵਿੱਚ ਜੇਕਰ ਸ਼ਬਦ-ਗਾਇਨ ਵਿੱਚ ਹਿੱਸਾ ਲੈਣ ਵਾਲ਼ੇ ਵਿਦਿਆਰਥੀ ਤਿੰਨ ਹੋਣ ਅਤੇ ਦੋ ਸਾਜ਼ ਵਜਾਉਣ ਵਾਲ਼ੇ ਵੀ ਉਸੇ ਵਰਗ ਦੇ ਵਿਦਿਆਰਥੀ ਹੋਣ ਤਾਂ ਉਹ ਵੀ ਟੀਮ ਦਾ ਹਿੱਸਾ ਮੰਨੇ ਜਾਣਗੇ ਭਾਵ ਕੁੱਲ ਪੰਜ ਵਿਦਿਆਰਥੀ ਹੀ ਟੀਮ ਦਾ ਹਿੱਸਾ ਮੰਨੇ ਜਾਣਗੇ। ਹਰਮੋਨੀਅਮ ਅਤੇ ਤਬਲੇ ਤੋਂ ਇਲਾਵਾ ਹੋਰ ਸਾਜ਼ਾਂ ਦਾ ਇਸਤੇਮਾਲ ਵਰਜਿਤ ਹੈ।

**VI.** ਸ਼ਬਦ-ਗਾਇਨ ਸਮੇ ਸਿੱਖ ਮਰਿਆਦਾ ਦਾ ਪੂਰਾ-ਪੂਰਾ ਧਿਆਨ ਰੱਖਿਆ ਜਾਵੇ।

**VII.** **ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

| | | | | | |
|---|---|---|---|---|---|
| 1) | ਸੁਰ-ਤਾਲ- | 10 ਅੰਕ | 2) | ਉਚਾਰਨ ਸ਼ੈਲੀ- | 5 ਅੰਕ |
| 3) | ਗਾਉਣ ਸ਼ੈਲੀ ਅਤੇ ਲੈਅ- | 5 ਅੰਕ | 3) | ਆਪਸੀ ਤਾਲਮੇਲ- | 5 ਅੰਕ |
| 5) | ਸਮੁੱਚਾ ਪ੍ਰਭਾਵ- | 5 ਅੰਕ | | | |

ਨੋਟ: **ਟੀਮ ਸਟੇਜ ਉੱਤੇ ਆਉਣ ਤੋਂ ਪਹਿਲਾਂ ਹੀ ਸਾਜ਼ਾਂ ਨੂੰ ਸੁਰ ਵਿੱਚ ਕਰਕੇ ਲਿਆਵੇ।**

## (2) ਵਾਰ-ਗਾਇਨ

(ਇਹ ਮੁਕਾਬਲਾ ਖੇਤਰ-ਪੱਧਰ 'ਤੇ ਦੂਜੇ ਅਤੇ ਤੀਜੇ ਵਰਗ ਤੋਂ ਆਰੰਭ **ਹੋਵੇ**ਗਾ)

**I.** ਸਮਾ:- 3 ਮਿੰਟ ਤੋਂ 5 ਮਿੰਟ।

**II.** ਟੀਮ ਵਿੱਚ ਭਾਗ ਲੈਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ ਸਿਰਫ਼ ਤਿੰਨ ਹੋਣੀ ਚਾਹੀਦੀ ਹੈ।

**III.** ਵਾਰ-ਗਾਇਨ ਨਾਲ਼ ਸੰਬੰਧਿਤ ਲੋਕ-ਸਾਜ਼, ਕੇਵਲ ਢੱਡ, ਸਾਰੰਗੀ ਦੀ ਹੀ ਵਰਤੋਂ ਕੀਤੀ ਜਾ ਸਕਦੀ ਹੈ।(ਸਾਰੰਗੀ ਨੂੰ ਮਾਈਕ ਜਾਂ ਸਪੀਕਰ ਦੀ ਤਾਰ ਨਾਲ਼ ਨਾ ਜੋੜਿਆ ਜਾਵੇ)

**IV.** ਪ੍ਰਤਿਯੋਗੀਆਂ ਦਾ ਸਾਥ ਦੋ ਸਜ਼ਿੰਦੇ ਹੀ ਦੇ ਸਕਦੇ ਹਨ।

**V.** ਵਾਰ ਪੜ੍ਹ ਕੇ ਨਹੀਂ ਗਾਈ ਜਾਵੇਗੀ।

**ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

1) ਕਾਵਿ ਰੂਪ: ਵਾਰ ਵਿੱਚ ਹੋਵੇ 05 ਅੰਕ
2) ਗਾਉਣ ਸ਼ੈਲੀ: ਗਾਉਣ ਸ਼ੈਲੀ, ਛੰਦ ਦੇ ਮੁਤਾਬਕ ਹੋਵੇ 05 ਅੰਕ
3) ਗਰੁੱਪ ਦਾ ਆਪਸੀ ਤਾਲਮੇਲ: ਗਾਉਣ ਵਾਲ਼ਿਆਂ ਦਾ ਸੁਰ ਇੱਕੋ ਜਿਹਾ ਹੋਵੇ ਅਤੇ ਗਾਉਣ ਦੀ ਤਰਤੀਬ, ਵਾਰ ਦੇ ਅਨੁਸਾਰ ਹੋਵੇ 05 ਅੰਕ
4) ਪੇਸ਼ਕਾਰੀ/ਸਮੁੱਚਾ ਪ੍ਰਭਾਵ: ਕੀ ਸਾਜ਼ ਗਵੱਈਆ ਆਪ ਵਜਾਉਂਦਾ ਹੈ, ਕੀ ਪਹਿਰਾਵਾ ਢੁਕਵਾਂ ਹੈ, ਕੀ ਸਰੀਰਿਕ ਮੁਦਰਾਵਾਂ 'ਵਾਰ' ਦੇ ਅਨੁਸਾਰ ਹਨ? 15 ਅੰਕ

## (3) ਕਵੀਸ਼ਰੀ

(ਇਹ ਮੁਕਾਬਲਾ ਖੇਤਰ-ਪੱਧਰ 'ਤੇ ਦੂਜੇ ਅਤੇ ਤੀਜੇ ਵਰਗ ਤੋਂ ਆਰੰਭ **ਹੋਵੇ**ਗਾ)

**I.** ਸਮਾ:- 3 ਮਿੰਟ ਤੋਂ 5 ਮਿੰਟ।

**II.** ਸਾਜ਼ ਵਰਤਣ ਦੀ ਮਨਾਹੀ ਹੈ

**III.** ਕਵੀਸ਼ਰੀ ਵਿੱਚ ਤਿੰਨ ਵਿਦਿਆਰਥੀ ਹਿੱਸਾ ਲੈ ਸਕਦੇ ਹਨ।

**IV.** ਕਵੀਸ਼ਰੀ ਪੜ੍ਹ ਕੇ ਨਹੀਂ ਗਾਈ ਜਾਵੇਗੀ।

**V.** **ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ-ਵੰਡ:**

| | | | |
|---|---|---|---|
| (1) | ਵਿਸ਼ਾ- 4 ਅੰਕ | (2) | ਮੰਚ ਉੱਤੇ ਸਵੈ-ਵਿਸ਼ਵਾਸ - 4 ਅੰਕ |
| (3) | ਉਚਾਰਨ/ਆਵਾਜ਼ - 6 ਅੰਕ | (4) | ਆਪਸੀ ਤਾਲਮੇਲ - 4 ਅੰਕ |
| (5) | ਹਾਵ-ਭਾਵ ਤੇ ਮੁਦਰਾਵਾਂ - 3 ਅੰਕ | (6) | ਸਰੋਤਿਆਂ ਉੱਤੇ ਪ੍ਰਭਾਵ - 4 ਅੰਕ |
| (7) | ਸਮੁੱਚਾ ਪ੍ਰਭਾਵ - 5 ਅੰਕ | | |

## (4) ਕਵਿਤਾ ਉਚਾਰਨ

(ਇਹ ਮੁਕਾਬਲਾ ਦੂਜੇ ਅਤੇ ਤੀਜੇ ਵਰਗ ਲਈ ਜ਼ਿਲ੍ਹਾ-ਪੱਧਰ **ਤੋਂ ਆਰੰਭ ਹੋਵੇਗਾ**)

**I.** ਸਮਾ:- 3 ਮਿੰਟ ਤੋਂ 5 ਮਿੰਟ।

**II.** ਕਵਿਤਾ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ ਵਿੱਚੋਂ ਕੋਈ ਇੱਕ ਹੋ ਸਕਦਾ ਹੈ।

**III.** ਕਵਿਤਾ-ਉਚਾਰਨ ਸਮੇ ਕਿਸੇ ਕਿਸਮ ਦਾ ਵੀ ਸਾਜ਼ ਵਰਤਣ ਦੀ ਮਨਾਹੀ ਹੈ।

IV. ਕਵਿਤਾ ਗਾ ਕੇ ਪੇਸ਼ ਕੀਤੀ ਜਾ ਸਕਦੀ ਹੈ ਪਰ ਇਸ ਕਾਰਨ ਵਿਦਿਆਰਥੀ ਨੂੰ ਵਿਸ਼ੇਸ਼ ਲਾਭ ਨਹੀਂ ਦਿੱਤਾ ਜਾਵੇਗਾ। ਪਹਿਲ ਇਸ ਗੱਲ ਨੂੰ ਦਿੱਤੀ ਜਾਵੇਗੀ ਕਿ ਕੀ ਵਿਦਿਆਰਥੀ ਕਵਿਤਾ ਦੇ ਅੰਤਰੀਵ-ਭਾਵ ਨੂੰ, ਸੁਰ, ਟੋਨ, ਦਬਾਅ, ਉਤਰਾਅ ਅਤੇ ਚੜ੍ਹਾਅ ਨਾਲ਼ ਪੇਸ਼ ਕਰ ਸਕਿਆ ਹੈ ਜਾਂ ਨਹੀਂ?

V. **ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਕਵਿਤਾ ਦੀ ਚੋਣ - 3 ਅੰਕ
(2) ਕਵਿਤਾ ਦੇ ਭਾਵਾਂ ਨਾਲ਼ ਇਕਸੁਰਤਾ, ਸੁਭਾਵਿਕਤਾ- 4 ਅੰਕ
(3) ਕਾਵਿਕ ਮਾਹੌਲ ਦੀ ਸਿਰਜਨਾ - 10 ਅੰਕ
(4) ਸਰੋਤਿਆਂ ਉੱਤੇ ਪ੍ਰਭਾਵ - 4 ਅੰਕ
(5) ਉਚਾਰਨ - 4 ਅੰਕ
(6) ਸਮੁੱਚਾ ਪ੍ਰਭਾਵ - 5 ਅੰਕ

ਨੋਟ: ਵਿਦਿਆਰਥੀ ਦੇ ਮੰਚ 'ਤੇ ਆ ਕੇ ਸੰਬੋਧਨ ਕਰਨ ਤੋਂ ਹੀ ਮੁਕਾਬਲੇ ਦਾ ਸਮਾ ਸ਼ੁਰੂ ਹੋਇਆ ਮੰਨਿਆ ਜਾਵੇਗਾ।

## (5) ਭਾਸ਼ਣ

ਇਹ ਮੁਕਾਬਲਾ (ਤਿੰਨੇ ਵਰਗਾਂ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ **ਹੋਵੇਗਾ**)

I. **ਸਮਾ:**

1) ਪਹਿਲਾ ਵਰਗ — 2 ਮਿੰਟ ਤੋਂ 3 ਮਿੰਟ।

2) ਦੂਜਾ ਵਰਗ ਅਤੇ ਤੀਜਾ ਵਰਗ — 3 ਮਿੰਟ ਤੋਂ 5 ਮਿੰਟ

II. ਭਾਸ਼ਣ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਭਾਸ਼ਾਵਾਂ ਵਿੱਚੋਂ ਕੋਈ ਵੀ ਹੋ ਸਕਦਾ ਹੈ।

III. ਭਾਸ਼ਣ ਦਾ ਵਿਸ਼ਾ ਦਿੱਤੇ ਹੋਏ ਸਿਰਲੇਖਾਂ ਵਿੱਚੋਂ ਹੀ ਹੋਵੇਗਾ ਅਤੇ ਭਾਸ਼ਣ ਪੜ੍ਹ ਕੇ ਨਹੀਂ ਬੋਲਿਆ ਜਾਵੇਗਾ।

IV. ਭਾਸ਼ਣ ਦਾ ਸਮਾ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਹੀ ਨੋਟ ਕੀਤਾ ਜਾਵੇਗਾ ਅਰਥਾਤ ਜੇਕਰ ਵਿਦਿਆਰਥੀ, ਮੁੱਖ ਮਹਿਮਾਨ ਜਾਂ ਕਿਸੇ ਹੋਰ ਵਿਅਕਤੀ ਬਾਰੇ ਬੋਲਦਾ ਹੈ ਤਾਂ ਉਹ ਵੀ ਸਮੇ ਦੀ ਸੀਮਾ ਵਿੱਚ ਸ਼ਾਮਲ ਕੀਤਾ ਜਾਵੇਗਾ।

V. **ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਵਿਸ਼ਾ ਵਸਤੂ- 5 ਅੰਕ (2) ਭਾਸ਼ਾ - 5 ਅੰਕ

(3) ਉਚਾਰਨ - 5 ਅੰਕ (4) ਸਰੋਤਿਆਂ ਨਾਲ਼ ਸੰਚਾਰ - 5 ਅੰਕ

(5) ਮੰਚ 'ਤੇ ਸਵੈ-ਵਿਸ਼ਵਾਸ ਅਤੇ ਸਹਿਜ ਸੁਭਾਵਿਕਤਾ - 5 ਅੰਕ

(6) ਸਮੁੱਚਾ ਪ੍ਰਭਾਵ - 5 ਅੰਕ

**ਭਾਸ਼ਣ ਲਈ ਵਰਗ ਵਾਰ ਸਿਰਲੇਖ:-**

| ਪਹਿਲਾ ਵਰਗ | ਦੂਜਾ ਵਰਗ | ਤੀਜਾ ਵਰਗ |
|---|---|---|
| ਪਹਿਲੀ ਤੋਂ ਪੰਜਵੀਂ | ਛੇਵੀਂ ਤੋਂ ਅੱਠਵੀਂ | ਨੌਵੀਂ ਤੋਂ ਬਾਰ੍ਹਵੀਂ |

| ਪਹਿਲਾ ਵਰਗ | ਦੂਜਾ ਵਰਗ | ਤੀਜਾ ਵਰਗ |
|---|---|---|
| 1. ਵੱਡਿਆਂ ਦਾ ਆਦਰ। | 1. ਪ੍ਰਦੂਸ਼ਿਤ ਹੋ ਰਹੀ ਖਾਧ ਖ਼ੁਰਾਕ। | 1. ਘੱਟ ਰਿਹਾ ਖੇਤੀ ਦਾ ਰਕਬਾ। |

| | | |
|---|---|---|
| 2. ਕਸਰਤ ਦੇ ਲਾਭ।<br>3. ਆਓ ਚੌਗਿਰਦੇ ਦੀ ਸੰਭਾਲ ਕਰੀਏ।<br>4. ਬਾਪੂ ਮੈਨੂੰ ਲੈ ਦਿਓ ਇੱਕ ਕਿਤਾਬ। | 2. ਜੀਵਨ ਵਿੱਚ **ਯੋਗ ਦਾ ਯੋਗਦਾਨ।**<br>3. ਮਾਂ, ਮੈਂ ਵੀ ਦੁਨੀਆਂ ਦੇਖਣਾ ਚਾਹੁੰਦੀ ਹਾਂ।<br>4. ਭਗਤ ਪੂਰਨ ਸਿੰਘ ਦੀ **ਸੋਚ।** | 2. **ਸੱਭ ਤੋਂ ਵੱਡੀ ਮਾਇਆ-ਨਿਰੋਗੀ ਕਾਇਆ।**<br>3. **ਨਵੀਂ ਪੀੜ੍ਹੀ ਦੀ ਸੋਚ।**<br>4. **ਵੱਧ ਰਹੇ ਜੰਕ ਫੂਡ ਦਾ ਬੁਰਾ ਅਸਰ।** |

ਨੋਟ:- ਰਾਜ ਪੱਧਰ 'ਤੇ ਭਾਸ਼ਣ ਅਤੇ ਕਵਿਤਾ ਪ੍ਰਤੀਯੋਗੀ ਆਪਣੀ-ਆਪਣੀ ਰਚਨਾ ਦੀ ਇੱਕ-ਇੱਕ ਫੋਟੋ ਕਾਪੀ, ਮੁਕਾਬਲੇ ਉਪਰੰਤ ਮੌਕੇ 'ਤੇ ਹੀ ਪੰਜਾਬ ਬੋਰਡ ਦੀ ਫੀਲਡ ਪ੍ਰੋਗਰਾਮ ਸ਼ਾਖਾ ਦੇ ਅਧਿਕਾਰੀ ਨੂੰ ਸੌਂਪਣਗੇ।

## (6) ਸੁੰਦਰ-ਲਿਖਾਈ

(ਇਹ ਮੁਕਾਬਲਾ ਤਿੰਨ ਵਰਗਾਂ ਲਈ **ਜ਼ਿਲ੍ਹਾ**-ਪੱਧਰ ਤੋਂ ਆਰੰਭ ਹੋਵੇਗਾ)

**I.** ਸਮਾ:- 30 ਮਿੰਟ।

**II.** ਮਾਧਿਅਮ ਪੰਜਾਬੀ, ਹਿੰਦੀ, ਅੰਗਰੇਜ਼ੀ ਜਾਂ ਉਰਦੂ ਭਾਸ਼ਾਵਾਂ ਵਿੱਚੋਂ ਕੋਈ ਵੀ ਇੱਕ ਹੋ ਸਕਦਾ ਹੈ।

**III.** ਸੁੰਦਰ-ਲਿਖਾਈ ਲਈ ਬੋਰਡ ਦੁਆਰਾ ਨਿਰਧਾਰਿਤ ਸ਼ੀਟ ਆਯੋਜਨ ਕੇਂਦਰ ਵੱਲੋਂ ਦਿੱਤੀ ਜਾਵੇਗੀ।

**IV.** ਵਿਦਿਆਰਥੀ ਲਈ ਬੋਰਡ ਵੱਲੋਂ ਦਿੱਤੇ ਗਏ ਪੈਰ੍ਹੇ ਨੂੰ ਲਗਾਂ, ਮਾਤਰਾ ਸਣੇ ਪੂਰਾ-ਪੂਰਾ ਲਿਖਣਾ ਜ਼ਰੂਰੀ ਹੋਵੇਗਾ।ਪਹਿਲੇ ਵਰਗ ਲਈ ਸੁੰਦਰ ਲਿਖਾਈ ਦਾ ਪੈਰ੍ਹਾ ਲਗਪਗ 35 ਸ਼ਬਦਾਂ ਦਾ , ਦੂਜੇ ਅਤੇ ਤੀਜੇ ਵਰਗ ਲਈ 50 ਸ਼ਬਦਾਂ ਦਾ ਹੋਵੇਗਾ।

**V.** ਲਿਖਣ-ਯੋਗ ਸਮਗਰੀ ਜਿਵੇਂ ਕਾਨੇ ਵਾਲ਼ੀ ਕਲਮ, ਸਿਆਹੀ ਅਤੇ ਡਰਾਇੰਗ ਬੋਰਡ/ਗੱਤਾ ਆਦਿ ਵਿਦਿਆਰਥੀ ਆਪ ਲੈ ਕੇ ਆਉਣਗੇ।

**VI.** **ਹਰ ਵਰਗ ਦੇ ਵਿਦਿਆਰਥੀ ਕਾਨੇ ਵਾਲ਼ੀ ਕਲਮ ਅਤੇ ਕਾਲ਼ੀ ਸਿਆਹੀ ਦੀ ਹੀ ਵਰਤੋਂ ਕਰਨ। ਕਿਸੇ ਕਿਸਮ ਦੇ ਪੈੱਨ ਜਾਂ ਨਿੱਬ ਅਤੇ ਫਲਿਊਡ ਆਦਿ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ।**

**VII.** **ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਪੈਰ੍ਹੇ ਨੂੰ ਇੰਨ-ਬਿੰਨ ਲਿਖਣਾ- 4 ਅੰਕ (2) ਲਿਖਾਈ ਵਿੱਚ ਸ਼ਬਦ ਜੋੜਾਂ ਦੀ ਸ਼ੁੱਧਤਾ, ਪੜ੍ਹਨਯੋਗ, ਬਿਨਾਂ ਕਟਿੰਗ, ਬਿਨਾਂ ਗ਼ਲਤੀ, ਅੱਖਰਾਂ ਅਤੇ ਲਗਾਂ ਦੀ ਠੀਕ ਬਣਾਵਟ- 8 ਅੰਕ (3) ਮੌਲਿਕਤਾ: ਅੱਖਰਾਂ ਅਤੇ ਲਗਾਂ ਦੀ ਇੱਕਸਾਰਤਾ - 7 ਅੰਕ (4) ਲਿਖਾਈ ਦੀ ਇਕਸਾਰਤਾ, ਅੱਖਰਾਂ ਅਤੇ ਸ਼ਬਦਾਂ ਵਿੱਚ ਆਪਸੀ ਫ਼ਾਸਲਾ, ਸ਼ੀਟ ਉੱਤੇ ਹੋਏ ਅੱਖਰਾਂ ਵਿੱਚ ਫ਼ਾਸਲੇ ਦੀ ਇੱਕਸਾਰਤਾ- 7 ਅੰਕ

(5) ਸਮੁੱਚਾ ਪ੍ਰਭਾਵ - 4 ਅੰਕ

## (7) ਚਿੱਤਰਕਲਾ

(ਇਹ ਮੁਕਾਬਲਾ ਤਿੰਨੇ ਵਰਗਾਂ ਲਈ **ਜ਼ਿਲ੍ਹਾ**-ਪੱਧਰ ਤੋਂ ਆਰੰਭ ਹੋਵੇਗਾ)

**I.** **ਸਮਾ**

| | |
|---|---|
| (1) ਪਹਿਲਾ ਵਰਗ | 2 ਘੰਟੇ |
| (2) ਦੂਜਾ ਵਰਗ ਅਤੇ ਤੀਜਾ ਵਰਗ | 3 ਘੰਟੇ |

**II.** **ਸ਼ੀਟ ਦਾ ਆਕਾਰ:-**

| | |
|---|---|
| ਪਹਿਲੇ ਵਰਗ ਲਈ ਸ਼ੀਟ | 11 ਇੰਚ×15 ਇੰਚ (1/4) ਇੰਪੀਰੀਅਲ/ਵਾਟਰ ਕਲਰ |
| ਦੂਜੇ ਅਤੇ ਤੀਜੇ ਵਰਗ ਲਈ ਸ਼ੀਟ | 20 ਇੰਚ×15 ਇੰਚ (1/2) ਇੰਪੀਰੀਅਲ/ਵਾਟਰ ਕਲਰ |

ਸ਼ੀਟ ਦਾ ਸਾਈਜ਼ ਪੂਰਾ-ਪੂਰਾ ਉੱਪਰ ਦਿੱਤੇ ਅਨੁਸਾਰ ਹੋਣਾ ਜ਼ਰੂਰੀ ਹੈ। ਸ਼ੀਟ ਦਾ ਆਕਾਰ ਘੱਟ ਹੋਣ ਤੇ ਸ਼ੀਟ ਨੂੰ ਰੱਦ ਸਮਝਿਆ ਜਾਵੇਗਾ।

**III.** ਚਿੱਤਰਕਲਾ, ਆਇਲ ਕਲਰ ਅਤੇ ਸਕੈੱਚ ਪੈੱਨ ਨੂੰ ਛੱਡ ਕੇ ਕਿਸੇ ਵੀ ਰੰਗ-ਮਾਧਿਅਮ ਵਿੱਚ ਕੀਤੀ ਜਾ ਸਕਦੀ ਹੈ।

**IV.** ਚਿੱਤਰਕਾਰੀ ਦਾ ਸਾਮਾਨ ਜਿਵੇਂ ਡਰਾਇੰਗ ਬੋਰਡ, ਸ਼ੀਟ, ਬੁਰਸ਼ ਅਤੇ ਰੰਗ ਵਿਦਿਆਰਥੀ ਆਪ ਲੈ ਕੇ ਆਉਣਗੇ।

**V.** **ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਕਲਾ ਅਤੇ ਆਪਾ-ਪ੍ਰਗਟਾਅ - 5 ਅੰਕ (2) ਡਰਾਇੰਗ/ਕੰਪੋਜੀਸ਼ਨ - 10 ਅੰਕ

(3) ਰੰਗ ਯੋਜਨਾ - 5 ਅੰਕ (4) ਲਾਈਟ ਐਂਡ ਸ਼ੇਡ - 5 ਅੰਕ (5) ਸਮੁੱਚਾ ਪ੍ਰਭਾਵ - 5 ਅੰਕ

ਨੋਟ: ਚਿੱਤਰਕਲਾ ਲਈ ਸ਼ੀਟ ਵਿਦਿਆਰਥੀ ਖੁਦ ਲੈ ਕੇ ਆਉਣਗੇ।

## (8) ਆਮ-ਗਿਆਨ

ਇਹ ਮੁਕਾਬਲਾ ਦੂਜੇ ਅਤੇ ਤੀਜੇ ਵਰਗ ਲਈ ਖੇਤਰ-ਪੱਧਰ ਤੋਂ ਆਰੰਭ ਹੋਵੇਗਾ। ਰਾਜ-ਪੱਧਰ ਤੇ ਕਰਵਾਏ ਜਾਣ ਵਾਲ਼ੇ ਇਹ ਮੁਕਾਬਲੇ ਲਿਖਤੀ ਰੂਪ ਦੀ ਬਜਾਏ ਕੁਇਜ਼ ਮੁਕਾਬਲਿਆਂ ਦੇ ਰੂਪ ਵਿੱਚ ਕਰਵਾਏ ਜਾਣਗੇ।

**I.** **ਸਮਾ:** 1 ਘੰਟਾ 30 ਮਿੰਟ

**II.** ਵਿਦਿਆਰਥੀ ਆਪਣੇ ਨਾਲ਼ ਕੇਵਲ ਗੱਤਾ ਅਤੇ ਕਾਲ਼ੀ ਸਿਆਹੀ ਵਾਲ਼ਾ ਬਾਲ-ਪੈੱਨ ਲੈ ਕੇ ਆਉਣਗੇ।

**III.** ਆਮ-ਗਿਆਨ ਨਾਲ਼ ਸੰਬੰਧਿਤ ਪਰਚਾ ਯਥਾਰਥਿਕ ਰੂਪ (Objective type) ਦਾ ਹੋਵੇਗਾ ਜਿਸ ਵਿੱਚ 100 ਪ੍ਰਸ਼ਨ ਹੋਣਗੇ।

**IV.** ਪ੍ਰਸ਼ਨ-ਪੱਤਰ ਵਿਚਲੇ 100 ਸਵਾਲਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ। ਹਰੇਕ ਪ੍ਰਸ਼ਨ ਲਈ ਇੱਕ ਅੰਕ ਨਿਰਧਾਰਿਤ ਹੈ:-

(1) ਸਮਾਜਿਕ ਵਿਗਿਆਨਿਕ ਵਿਸ਼ੇ/ਸੂਚਨਾ- 20 (2) ਸ਼ੁੱਧ ਵਿਗਿਆਨਿਕ ਵਿਸ਼ੇ/ਸੂਚਨਾ- 20

(3) ਪੰਜਾਬ ਦਾ ਵਿਰਸਾ ਅਤੇ ਸੱਭਿਆਚਾਰ - 20 (4) ਤਾਜ਼ਾ ਤਰੀਨ ਵਿਸ਼ੇ/ਸੂਚਨਾ - 20

(5) ਪੰਜਾਬ ਤੋਂ ਇਲਾਵਾ ਭਾਰਤ ਦੇ ਦੂਜੇ ਰਾਜਾਂ ਦਾ ਵਿਰਸਾ ਅਤੇ ਸੱਭਿਆਚਾਰ - 20

**V.** ਵਿਦਿਆਰਥੀ ਨੂੰ ਹਰ ਸਵਾਲ ਦੇ ਦਿੱਤੇ ਚਾਰ ਉੱਤਰਾਂ ਵਿੱਚੋਂ ਇੱਕ ਨੂੰ, ਜਿਸ ਨੂੰ ਉਹ ਸਹੀ ਸਮਝਦਾ ਹੈ, ਟਿੱਕ ਕਰਨਾ ਹੋਵੇਗਾ।

**VI.** ਇਹ ਮੁਕਾਬਲਾ ਖੇਤਰ ਅਤੇ ਰਾਜ-ਪੱਧਰ 'ਤੇ ਹੀ ਕਰਵਾਇਆ ਜਾਵੇਗਾ।

**VII.** ਇਸ ਮੁਕਾਬਲੇ ਲਈ ਹਰ ਸਕੂਲ ਵੱਧ ਤੋਂ ਵੱਧ ਇੱਕ ਵਿਦਿਆਰਥੀ ਹੀ ਭੇਜ ਸਕਦਾ ਹੈ।

**VIII.** ਆਮ-ਗਿਆਨ ਦੀਆਂ ਉੱਤਰ-ਪੱਤਰੀਆਂ ਬੋਰਡ ਦੀ ਮਲਕੀਅਤ ਹੋਣਗੀਆਂ।

**IX.** ਜਵਾਬ ਟਿੱਕ ਕਰਨ ਲਈ ਕੇਵਲ ਕਾਲ਼ੀ ਸਿਆਹੀ ਵਾਲ਼ਾ ਪੈੱਨ ਜਾਂ ਬਾਲ-ਪੈੱਨ ਹੀ ਇਸਤੇਮਾਲ ਕੀਤਾ ਜਾਵੇਗਾ।

**X.** ਜਵਾਬ ਦੇਣ ਲੱਗਿਆਂ, ਅੱਖਰ ਉੱਤੇ ਮੁੜ ਅੱਖਰ ਲਿਖਣ ਜਾਂ ਨਿਸ਼ਾਨੀ ਲਗਾਉਣ ਲੱਗਿਆਂ ਦੁਬਾਰਾ-ਦੁਬਾਰਾ ਨਿਸ਼ਾਨ ਲਗਾਉਣ 'ਤੇ ਉਸ ਉੱਤਰ ਨੂੰ ਰੱਦ ਮੰਨਿਆ ਜਾਵੇਗਾ।

**XI.** ਸਵਾਲ ਦਾ ਜਵਾਬ ਦੇਣ ਲੱਗਿਆਂ ਪੂਰੀ ਤਰ੍ਹਾਂ ਸੋਚ ਕੇ ਲਿਖਿਆ ਜਾਵੇ। ਇੱਕ ਵਾਰ ਲਗਾਏ ਗਏ ਨਿਸ਼ਾਨ ਨੂੰ ਰਬੜ ਨਾਲ਼ ਜਾਂ ਕਿਸੇ ਵੀ ਵਸਤੂ ਨਾਲ਼ ਮਿਟਾਉਣ ਜਾਂ ਕਿਸੇ ਕਿਸਮ ਦੀ ਤਬਦੀਲੀ ਕਰਨ ਤੇ ਕੋਈ ਅੰਕ ਨਹੀਂ ਦਿੱਤਾ ਜਾਵੇਗਾ ਭਾਵ ਉੱਤਰ ਗ਼ਲਤ ਮੰਨਿਆ ਜਾਵੇਗਾ।

**XII.** ਪ੍ਰਸ਼ਨਾਂ ਦੇ **ਉੱਤਰ** ਦੇਣ ਤੋਂ ਪਹਿਲਾਂ ਪ੍ਰਸ਼ਨ-ਪੱਤਰ **ਉੱਤੇ** ਦਿੱਤੀਆਂ ਗਈਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ।

## (9) ਮੌਲਿਕ-ਲਿਖਤ

(ਇਹ ਮੁਕਾਬਲਾ ਖੇਤਰ ਪੱਧਰ 'ਤੇ ਕੇਵਲ ਤੀਜੇ ਵਰਗ ਤੋਂ ਆਰੰਭ ਹੋਵੇਗਾ)

**I.** **ਸਮਾ:** 1 ਘੰਟਾ

**II.** ਵਿਦਿਆਰਥੀ ਪੈੱਨ, ਕਾਗਜ਼, ਗੱਤਾ ਆਦਿ ਸਮਗਰੀ ਆਪਣੇ ਨਾਲ਼ ਲੈ ਕੇ ਆਉਣਗੇ।

**III.** ਵਿਦਿਆਰਥੀਆਂ ਨੂੰ ਮੌਕੇ 'ਤੇ ਦੱਸੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ 'ਤੇ ਮੌਲਿਕ ਲਿਖਤ ਲਿਖਣੀ ਹੋਵੇਗੀ।

**IV.** ਮੌਲਿਕ-ਲਿਖਤ ਸਾਹਿਤ ਦੇ ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ ਜਿਵੇਂ ਕਵਿਤਾ, ਕਹਾਣੀ, ਸੰਵਾਦ, ਯਾਤਰਾ, ਲੇਖ ਆਦਿ।

**V.** ਲਿਖਤ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਕੋਈ ਵੀ ਹੋ ਸਕਦਾ ਹੈ।

**VI.** ਹਰ ਪੱਧਰ 'ਤੇ ਪ੍ਰਾਪਤ ਲਿਖਤਾਂ ਬੋਰਡ ਦੀ ਮਲਕੀਅਤ ਹੋਣਗੀਆਂ ਅਤੇ ਲੋੜ ਅਨੁਸਾਰ ਬੋਰਡ ਇਹਨਾਂ ਲਿਖਤਾਂ ਨੂੰ ਆਪਣੇ ਮੈਗਜ਼ੀਨਾਂ ਜਾਂ ਪਾਠ ਪੁਸਤਕਾਂ ਵਿੱਚ ਛਾਪ ਸਕਦਾ ਹੈ ਜਾਂ ਕਿਸੇ ਵੀ ਹੋਰ ਸਾਰਥਕ ਤਰੀਕੇ ਨਾਲ਼ ਵਰਤ ਸਕਦਾ ਹੈ।

**VII.** **ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਮੌਲਿਕਤਾ ਅਤੇ ਸਿਰਜਣਾਤਮਿਕਤਾ - 8 ਅੰਕ (2) ਕਲਪਨਾ - 7 ਅੰਕ

(3) ਪ੍ਰਗਟਾਵਾ - 7 ਅੰਕ (4) ਸਮੁੱਚਾ ਪ੍ਰਭਾਵ - 8 ਅੰਕ

ਕਲਪਨਾ ਤੋਂ ਭਾਵ ਵਿਚਾਰਾਂ ਦਾ ਨਵਾਂਪਣ, ਨਵੀਂ ਦ੍ਰਿਸ਼ਟੀ, ਨਵੀਂ ਵਿਆਖਿਆ, ਨਵੀਂ ਪਹੁੰਚ ਹੈ।

ਪ੍ਰਗਟਾਵੇ ਅਧੀਨ ਕੇਵਲ ਸ਼ਬਦ ਜੋੜ ਹੀ ਨਹੀਂ ਸ਼ਬਦ ਚੋਣ, ਵਾਕ ਬਣਤਰ, ਮੁਹਾਵਰੇ, ਕਾਵਿਕ-ਅੰਸ਼, ਨਾਟਕੀ ਅੰਸ਼, ਕਹਾਣੀ ਅੰਸ਼, ਵਿਚਾਰਾਂ ਦੀ ਤਰਤੀਬ ਆਦਿ ਵੀ ਹੋਣਗੇ।

## (10) ਲੋਕ-ਗੀਤ/ਗੀਤ

(ਇਹ ਮੁਕਾਬਲਾ ਤਿੰਨੇ ਵਰਗਾਂ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ ਹੋ**ਵੇਗਾ।**)

**I.** **ਸਮਾ:** 3 ਤੋਂ 5 ਮਿੰਟ (ਤਿੰਨੇ ਵਰਗਾਂ ਦੇ ਵਿਦਿਆਰਥੀਆਂ ਲਈ)

**II.** ਲੋਕ-ਗੀਤ/ਗੀਤ ਪੜ੍ਹ ਕੇ ਨਹੀਂ ਗਾਏ ਜਾਣਗੇ।

**III.** ਲੋਕ-ਗੀਤ/ਗੀਤ ਦਾ ਮਾਧਿਅਮ ਪੰਜਾਬੀ/ਹਿੰਦੀ ਹੋ ਸਕਦਾ ਹੈ।

**IV.** ਲੋਕ-ਗੀਤ/ਗੀਤ ਗਾਉਣ ਵਾਲ਼ਾ ਵਿਦਿਆਰਥੀ ਖ਼ਾਸ ਪਹਿਰਾਵਾ ਵੀ ਪਹਿਨ ਸਕਦਾ ਹੈ।

**V.** ਲੋਕ-ਗੀਤ/ਗੀਤ ਗਾਉਣ ਵਾਲ਼ਾ ਵਿਦਿਆਰਥੀ ਇਕੱਲਾ ਹੀ ਹੋਵੇਗਾ।ਲੋਕ-ਗੀਤ/ਗੀਤ ਰਿਕਾਰਡ ਵੀ ਹੋ ਸਕਦੇ ਹਨ।

**VI.** ਲੋਕ-ਗੀਤਾਂ ਵਿੱਚ ਤੂੰਬੀ, ਹਰਮੋਨੀਅਮ, ਸਾਰੰਗੀ, ਅਲਗੋਜ਼ਾ, ਵੰਝਲੀ, ਤੂੰਬਾ, ਢੋਲਕੀ, ਘੜਾ, ਚਿਮਟਾ, ਡਫ਼ਲੀ ਆਦਿ ਭਾਵ ਲੋਕ-ਸਾਜ਼ਾਂ ਦੀ ਹੀ ਵਰਤੋਂ ਕੀਤੀ ਜਾਵੇ। ਗੀਤਾਂ ਵਿੱਚ ਕਿਸੇ ਵੀ ਸਾਜ਼ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹਨਾਂ ਵਿੱਚ ਸਾਜ਼ਾਂ 'ਤੇ ਕੋਈ ਪਾਬੰਦੀ ਨਹੀਂ ਹੈ। ਲੋਕ-ਗੀਤ/ਗੀਤ ਵਿੱਚ ਘੱਟੋ ਘੱਟ ਇੱਕ ਸਾਜ਼ ਦਾ ਹੋਣਾ ਜ਼ਰੂਰੀ ਹੈ।ਵੱਧ ਤੋਂ ਵੱਧ ਦੋ ਸਜ਼ਿੰਦੇ ਹੀ ਸਾਜ਼ ਵਜਾਉਣ ਲਈ ਗਾਇਕ ਦਾ ਸਾਥ ਦੇ ਸਕਦੇ ਹਨ।

**VII.** ਲੋਕ-ਗੀਤ/ਗੀਤ ਦਾ ਸਮਾ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਨੋਟ ਕੀਤਾ ਜਾਵੇਗਾ, ਭਾਵ ਜੋ ਕੁਝ ਵੀ ਵਿਦਿਆਰਥੀ ਬੋਲਦਾ ਹੈ, ਸਮੇ ਦੀ ਹੱਦ (**Time Limit**) ਵਿੱਚ ਸ਼ਾਮਲ ਕੀਤਾ ਜਾਵੇਗਾ।

**ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਗੀਤ ਦੀ ਪੇਸ਼ਕਾਰੀ - 5 ਅੰਕ (2) ਲੈਅ ਤੇ ਆਵਾਜ਼ - 10 ਅੰਕ

(3) ਸ਼ੁੱਧ ਉਚਾਰਨ - 5 ਅੰਕ (4) ਸਾਜ਼ਾਂ ਨਾਲ ਤਾਲਮੇਲ - 5 ਅੰਕ

(5) ਸਮੁੱਚਾ ਪ੍ਰਭਾਵ - 5 ਅੰਕ

## (11) **ਸੋਲੋ-ਡਾਂਸ**

(ਇਹ ਮੁਕਾਬਲਾ ਕੇਵਲ ਪਹਿਲੇ ਅਤੇ ਦੂਜੇ ਵਰਗ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ ਹੋਵੇਗਾ)

**I.** **ਸਮਾ:** 3 ਤੋਂ 5 ਮਿੰਟ

**II.** ਪੰਜਾਬੀ/ **ਉੱਤਰੀ** ਭਾਰਤ ਦੇ ਸੱਭਿਆਚਾਰ ਦੀ ਪ੍ਰਤੀਨਿੱਧਤਾ ਕਰਨ ਵਾਲ਼ੇ ਸੰਗੀਤ ਤੇ ਅਧਾਰਿਤ ਨਾਚ ਦੀ ਹੀ ਪੇਸ਼ਕਾਰੀ ਹੋਣੀ ਚਾਹੀਦੀ ਹੈ, ਸ਼ਾਸਤਰੀ ਸੰਗੀਤ ਅਤੇ ਅੰਗਰੇਜ਼ੀ ਗਾਣਿਆਂ ਦੀ ਮਨਾਹੀ ਹੈ। ਫ਼ਿਲਮੀ ਰਿਕਾਰਡਿੰਗ ਦੀ ਇਜਾਜ਼ਤ ਨਹੀਂ।

**III.** ਵਿਦਿਆਰਥੀ ਆਪਣੀ ਕਲਾ ਦਾ ਪ੍ਰਦਰਸ਼ਨ ਇਕੱਲਾ ਹੀ ਸਟੇਜ 'ਤੇ ਕਰੇਗਾ। ਪ੍ਰਦਰਸ਼ਨ ਦੌਰਾਨ ਸਟੇਜ ਤੋਂ ਹੇਠਾਂ ਉਤਰਨ ਦੀ ਮਨਾਹੀ ਹੋਵੇਗੀ।

**IV.** ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਵੇ ਕਿ ਕੁੜੀ ਕਿਸੇ ਗਾਇਕਾ ਅਤੇ ਮੁੰਡਾ ਕਿਸੇ ਗਾਇਕ ਵੱਲੋਂ ਗਾਏ ਗੀਤ ਤੇ ਹੀ ਪੇ**ਸ਼ਕਾਰੀ ਕਰੇ।**

**V.** ਅਧਿਆਪਕ/ਸਹਿਯੋਗੀ ਪਰਦੇ ਪਿੱਛੇ ਵਿਦਿਆਰਥੀ ਦਾ ਸਾਥ ਦੇ ਸਕਦਾ ਹੈ ਭਾਵ ਸੰਗੀਤ ਵਜਾਉਣ ਜਾਂ ਕੈਸਿਟ ਲਾਉਣ ਆਦਿ ਵਿੱਚ।

**VI.** ਸਮਾਜ ਦੇ ਕਿਸੇ ਵਰਗ ਨੂੰ ਠੇਸ ਪਹੁੰਚਾਉਣ ਪ੍ਰਤਿ ਸਖ਼ਤ ਮਨਾਹੀ ਹੈ।

**VII.** **ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਵਿਸ਼ਾ ਵਸਤੂ ਅਤੇ ਪਹਿਰਾਵੇ ਦੀ ਚੋਣ- 5 ਅੰਕ (2) ਸਟੇਜ 'ਤੇ ਆਮਦ- 5 ਅੰਕ

(3) ਮੁਦਰਾਵਾਂ - 5 ਅੰਕ (4) ਪੇਸ਼ਕਾਰੀ ਲੈਅ ਅਤੇ ਤਾਲ ਦਾ ਸੁਮੇਲ - 10 ਅੰਕ

(5) ਸਮੁੱਚਾ ਪ੍ਰਭਾਵ - 5 ਅੰਕ

## (12) **ਇਕਾਂਗੀ**

(ਇਹ ਮੁਕਾਬਲਾ ਕੇਵਲ ਤੀਜੇ ਵਰਗ ਲਈ ਖੇਤਰ-ਪੱਧਰ ਤੋਂ ਆਰੰਭ ਹੋਵੇਗਾ)

**I.** **ਸਮਾ:** 25 ਤੋਂ 30 ਮਿੰਟ ਹੋਵੇਗਾ।

II. ਮੰਚ 'ਤੇ ਨਿਰਦੇਸ਼ਕ ਵੱਲੋਂ ਇਕਾਂਗੀ ਸੰਬੰਧੀ ਸੰਬੋਧਨ ਕਰਨ ਤੋਂ ਹੀ ਸਮਾ ਸ਼ੁਰੂ ਹੋਇਆ ਮੰਨਿਆ ਜਾਵੇਗਾ। ਸਟੇਜ ਸੈਟਿੰਗ ਲਈ 10 ਮਿੰਟ ਦਾ ਸਮਾ ਅਤੇ ਸਟੇਜ ਨੂੰ ਸਮੇਟਣ ਲਈ 5 ਮਿੰਟ ਦਾ ਸਮਾ ਨਿਸ਼ਚਿਤ ਸਮੇ ਤੋਂ ਵੱਖਰਾ ਦਿੱਤਾ ਜਾਵੇਗਾ।ਇਸ ਨਿਯਮ ਵਿੱਚ ਸਟੇਜ ਸੈਟਿੰਗ ਅਤੇ ਸਮੇਟਣ ਲਈ ਦਿੱਤੇ ਸਮੇ ਦੀ ਸਖ਼ਤੀ ਨਾਲ਼ ਪਾਲਣਾ ਕਰਨੀ ਜ਼ਰੂਰੀ ਹੈ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪੇ**ਸ਼ਕਾਰੀ ਰੱਦ ਕੀਤੀ ਜਾ ਸਕਦੀ ਹੈ।**

III. ਇਕਾਂਗੀ ਦੀ ਭਾਸ਼ਾ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਵਿੱਚੋਂ ਕੋਈ ਇੱਕ ਹੋ ਸਕਦਾ ਹੈ।

IV. ਵਿਦਿਆਰਥੀਆਂ ਦੀ ਗਿਣਤੀ ਵੱਧ ਤੋਂ ਵੱਧ 9 ਹੋਵੇਗੀ। ਇੱਕ ਵਿਦਿਆਰਥੀ ਕਲਾਕਾਰ, ਇਕਾਂਗੀ ਵਿੱਚ ਇੱਕ ਤੋਂ ਵੱਧ ਚਰਿੱਤਰਾਂ ਜਾਂ ਪਾਤਰਾਂ ਦਾ ਰੋਲ ਵੀ ਨਿਭਾਅ ਸਕਦਾ ਹੈ।

V. ਟੀਮ ਦੇ ਨਾਲ਼ ਪਰਦੇ ਦੇ ਪਿੱਛੇ ਗੀਤ ਗਾਉਣ ਲਈ ਵੱਧ ਤੋਂ ਵੱਧ ਚਾਰ ਸਹਾਇਕ ਸਹਿਯੋਗੀ ਹੋ ਸਕਦੇ ਹਨ। ਬੈਕ ਗਰਾਊਂਡ ਮਿਊਜ਼ਿਕ ਲਈ ਰਿਕਾਰਡਿੰਗ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਿਸੇ ਵੀ ਕਿਸਮ ਦੀ ਸਹਾਇਕ ਸਮਗਰੀ ਟੀਮ ਦੀ ਆਪਣੀ ਹੋਵੇਗੀ ਨਾ ਕਿ ਆਯੋਜਕ ਜਾਂ ਬੋਰਡ ਦੀ।

VI. ਇਕਾਂਗੀ ਦੀ ਸੰਪੂਰਨ ਸਟੇਜ ਅਤੇ ਆਡੀਟੋਰੀਅਮ ਨਾ ਹੋਣ ਦੀ ਸੂਰਤ ਵਿੱਚ ਇਕਾਂਗੀ ਲਈ ਬਣੇ ਸੈਂਟਰ ਵੱਲੋਂ, ਥੀਏਟਰ ਵਾਲਾ ਮਹੌਲ ਮੁਹੱਈਆ ਕਰਨ ਲਈ ਹੇਠ ਲਿਖੀਆਂ ਲੋੜਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ:-

ਸਟੇਜ ਦੀ ਬੈਕ ਨੂੰ, ਬਲੈਕ-ਡਰਾਪ ਕਾਲ਼ਾ ਪਰਦਾ = 20'×10'

ਸਟੇਜ਼ ਦੇ ਦੋਵੇਂ ਪਾਸੇ ਭਾਵ 4 ਐਂਟਰੀ ਵਿੰਗਜ਼ = 8'×4' (ਦੋ ਖੱਬੇ, ਦੋ ਸੱਜੇ)

ਸਟੇਜ ਵੱਡੀ ਅਤੇ ਛੋਟੀ ਹੋਣ ਦੀ ਸੂਰਤ ਵਿੱਚ ਪਰਦਿਆਂ ਦਾ ਸਾਇਜ ਛੋਟਾ ਵੱਡਾ ਹੋ ਸਕਦਾ ਹੈ।

VII. **ਇਕਾਂਗੀ ਦੀ ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**
ਸਟੇਜ ਸੈਟਿੰਗ, ਪਹਿਰਾਵਾ/ਮੇਕਅੱਪ, ਸਹਾਇਕ ਸਮਗਰੀ ਦੀ ਯੋਗ ਵਰਤੋਂ ਜਿਵੇਂ ਲਾਈਟ ਆਦਿ, ਸੰਗੀਤ ਦੀ ਵਰਤੋਂ, ਵਿਸ਼ਾ ਵਸਤੂ, ਐਕਟਿੰਗ, ਵਾਰਤਾਲਾਪ, ਨਿਰਦੇਸ਼ਨ ਅਤੇ ਸਮੁੱਚਾ ਪ੍ਰਭਾਵ।

VIII. ਇਕਾਂਗੀ ਦੀ ਜੱਜਮੈਂਟ ਲਈ ਅਤੇ ਅੰਕ-ਵੰਡ ਲਈ ਮੁਕਾਬਲੇ ਆਰੰਭ ਹੋਣ ਤੋਂ ਪਹਿਲਾਂ ਜੱਜ ਸਹਿਬਾਨ ਮੀਟਿੰਗ ਕਰਕੇ ਨੀਤੀ ਤੈਅ ਕਰ ਲੈਣ ਤਾਂ ਜੋ ਜੱਜਮੈਂਟ ਮਾਪ-ਦੰਡਾਂ ਅਤੇ ਅੰਕ-ਵੰਡ ਵਿੱਚ ਇਕਸਾਰਤਾ ਰਹਿ ਸਕੇ।

ਨੋਟ: ਕਹਾਣੀ ਮੁਤਾਬਕ ਲੋੜ ਪੈਣ ਤੇ ਹੇਠਲੇ ਵਰਗ ਦੇ ਬੱਚੇ ਨੂੰ ਟੀਮ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਪਰ ਉਸ ਨੂੰ ਟੀਮ ਦਾ ਮੈਂਬਰ ਨਹੀਂ ਮੰਨਿਆ ਜਾਵੇਗਾ।

## (13) **ਭੰਗੜਾ (ਮੁੰਡਿਆਂ ਲਈ)**

(ਇਹ ਮੁਕਾਬਲਾ ਕੇਵਲ ਦੂਜੇ ਅਤੇ ਤੀਜੇ ਵਰਗ ਲਈ ਖੇਤਰ-ਪੱਧਰ ਤੋਂ ਆਰੰਭ ਹੋਵੇਗਾ)

I. **ਸਮਾ:**

| | |
|---|---|
| 1) ਦੂਜਾ ਵਰਗ | 8 ਮਿੰਟ ਤੋਂ 10 ਮਿੰਟ |
| 2) ਤੀਜਾ ਵਰਗ | 8 ਮਿੰਟ ਤੋਂ 10 ਮਿੰਟ |

II. ਸਮੇ ਦੀ ਸ਼ੁਰੂਆਤ ਢੋਲ ਦੇ ਪਹਿਲੇ ਡੱਗੇ ਤੋਂ ਸ਼ੁਰੂ ਮੰਨੀ ਜਾਵੇਗੀ। ਇਸ ਸੰਬੰਧੀ ਢੋਲੀ ਨੂੰ ਭਾਗ ਲੈ ਰਹੀ ਟੀਮ ਵੱਲੋਂ ਸੁਚੇਤ ਕੀਤਾ ਜਾਵੇ।

III.	ਭੰਗੜਾ ਪਰੰਪਰਾਗਤ ਤਾਲ 'ਤੇ ਅਧਾਰਿਤ ਹੋਵੇਗਾ ਅਤੇ ਇਸ ਨੂੰ ਵੱਧ ਤੋਂ ਵੱਧ ਰਵਾਇਤੀ ਅਤੇ ਪ੍ਰਮਾਣਿਕ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇ।

IV.	ਭਾਗ ਲੈਣ ਵਾਲ਼ਿਆਂ ਦੀ ਗਿਣਤੀ ਅੱਠ ਤੋਂ ਦਸ ਹੋਵੇਗੀ।

V.	ਤਿੰਨ ਸਹਿਯੋਗੀ (ਢੋਲੀ ਅਤੇ ਉਸ ਦੇ ਸਹਿਯੋਗੀ) ਨੂੰ ਸਾਥ ਦੇਣ ਦੀ ਆਗਿਆ ਹੈ।ਸਹਿਯੋਗੀ ਕਲਾਕਾਰ ਵੀ ਭੰਗੜੇ ਦੀ ਪਰੰਪਰਾਗਤ ਪਹਿਰਾਵੇ ਵਿੱਚ ਹੋਣੇ ਜ਼ਰੂਰੀ ਹਨ।

VI.	ਬੋਲੀਆਂ ਜਾਂ ਗੀਤ ਗਾਉਣ ਵਾਲ਼ਾ ਕੇਵਲ ਉਸੇ ਵਰਗ ਦਾ ਵਿਦਿਆਰਥੀ ਹੀ ਹੋਣਾ ਚਾਹੀਦਾ ਹੈ ਨਾ ਕਿ ਕੋਈ ਬਾਹਰਲਾ ਵਿਅਕਤੀ ਜਾਂ ਵਿਦਿਆਰਥੀ।

VII.	ਭੰਗੜੇ ਵਿੱਚ ਸੰਗੀਤਕ-ਨਾਟ ਦੇ ਦ੍ਰਿਸ਼ ਸ਼ਾਮਲ ਨਹੀਂ ਹੋਣੇ ਚਾਹੀਦੇ।

VIII.	ਅਸੱਭਿਆ ਜਾਂ ਅਸ਼ਲੀਲ ਬੋਲੀਆਂ ਪਾਉਣ ਦੀ ਆਗਿਆ ਨਹੀਂ।

IX.	ਭੰਗੜੇ ਦੀ ਪ੍ਰਕਿਰਤੀ ਅਨੁਸਾਰ ਉਹਨਾਂ ਦੀ ਚਾਲ-ਗਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਬੇਲੋੜੀ ਤੇਜ਼ੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

XI.	**ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਪਹਿਰਾਵਾ - 2 ਅੰਕ (2) ਬੋਲੀਆਂ ਦੀ ਅਨੁਕੂਲਤਾ - 5 ਅੰਕ

(3) ਰਿਵਾਇਤੀ ਤਾਲਾਂ ਅਤੇ ਪ੍ਰਮਾਣਿਕ ਨਾਚ ਨਿਭਾਅ - 15 ਅੰਕ (4) ਸਮੁੱਚੀ ਪੇਸ਼ਕਾਰੀ - 8 ਅੰਕ

### (14) ਮਲਵਈ ਗਿੱਧਾ ਅਤੇ ਝੂੰਮਰ (ਮੁੰਡਿਆਂ ਲਈ) ਸੰਮੀ ਅਤੇ ਲੁੱਡੀ (ਕੁੜੀਆਂ ਲਈ)

**(ਇਹ ਮੁਕਾਬਲੇ ਕੇਵਲ ਤੀਜੇ ਵਰਗ ਲਈ ਖੇਤਰ-ਪੱਧਰ** ਤੋਂ ਆਰੰਭ ਹੋਵੇਗਾ)

I.	ਇਹ ਮੁਕਾਬਲੇ ਕੇਵਲ ਤੀਜੇ ਵਰਗ ਲਈ ਹਨ ਅਤੇ ਇਹ ਮੁਕਾਬਲੇ ਸਿੱਧੇ ਖੇਤਰ-ਪੱਧਰ ਤੋਂ ਆਰੰਭ ਕੀਤੇ ਜਾਣਗੇ। ਮੁੰਡਿਆਂ ਦੇ ਸਕੂਲ ਵੱਲੋਂ ਮਲਵਈ ਗਿੱਧਾ ਅਤੇ ਝੂੰਮਰ ਵਿੱਚ ਕੋਈ ਇੱਕ ਟੀਮ ਮੁਕਾਬਲੇ ਵਿੱਚ ਭਾਗ ਲੈ ਸਕਦੀ ਹੈ ਅਤੇ ਇਸੇ ਤਰ੍ਹਾਂ ਕੁੜੀਆਂ ਦੇ ਸਕੂਲ ਦੀ ਟੀਮ ਸੰਮੀ ਅਤੇ ਲੁੱਡੀ ਵਿੱਚੋਂ ਕੋਈ ਇੱਕ ਟੀਮ ਮੁਕਾਬਲੇ ਵਿੱਚ ਭਾਗ ਲੈ ਸਕਦੀ ਹੈ।ਕਿਸੇ ਵੀ ਹਾਲਤ ਵਿੱਚ ਸਕੂਲ ਵੱਲੋਂ ਕੇਵਲ ਇੱਕ ਹੀ ਟੀਮ ਭੇਜੀ ਜਾਵੇਗੀ, ਭਾਵੇਂ ਸਕੂਲ, ਮੁੰਡੇ-ਕੁੜੀਆਂ ਦਾ ਸਾਂਝਾ ਹੀ ਕਿਉਂ ਨਾ ਹੋਵੇ। ਇਹਨਾਂ ਮੁਕਾਬਲਿਆਂ ਦੀ ਸਾਂਝੀ ਜੱਜਮੈਂਟ ਹੋਵੇਗੀ ਅਤੇ ਇੱਕੋ ਸਟੇਜ ਤੇ ਕਰਵਾਏ ਜਾਣਗੇ।

II.	**ਸਮਾ:-** 8 ਮਿੰਟ ਤੋਂ 10 ਮਿੰਟ ਦਾ ਹੋਵੇਗਾ। ਮਲਵਈ ਗਿੱਧੇ ਦਾ ਸਮਾ ਟੀਮ ਦੇ ਸਟੇਜ ਤੇ ਪ੍ਰਵੇਸ਼ ਕਰਨ ਤੋਂ ਝੂੰਮਰ ਦਾ ਸਮਾ ਢੋਲ ਦੇ ਪਹਿਲੇ ਡੱਗੇ ਤੋਂ, ਸੰਮੀ ਅਤੇ ਲੁੱਡੀ ਢੋਲ ਦੇ ਡੱਗੇ/ਪਹਿਲੇ ਬੋਲ ਤੋਂ ਸ਼ੁਰੂ ਮੰਨਿਆ ਜਾਵੇਗਾ।

III.	**ਗਿਣਤੀ:-** ਭਾਗ ਲੈਣ ਵਾਲ਼ਿਆਂ ਦੀ ਗਿਣਤੀ 8 ਤੋ 10 ਹੋਵੇਗੀ। ਮਲਵਈ ਗਿੱਧੇ ਵਿੱਚ ਇੱਕ ਪੇਸ਼ੇਵਰ ਢੋਲਕੀ ਵਾਲ਼ਾ ਸਹਿਯੋਗੀ ਅਤੇ ਬਾਕੀ ਨਾਚਾਂ ਵਿੱਚ ਤਿੰਨ ਪੇਸ਼ੇਵਰ ਸਹਿਯੋਗੀ ਸਾਥ ਦੇ ਸਕਦੇ ਹਨ।

IV.	**ਪਹਿਰਾਵਾ:-** ਪਹਿਰਾਵਾ ਅਤੇ ਵਰਤੇ ਜਾਣ ਵਾਲ਼ੇ ਸਾਜ਼ ਲੋਕ-ਨਾਚ ’ਤੇ ਅਧਾਰਿਤ ਰਵਾਇਤੀ ਹੋਣਗੇ।ਸਹਿਯੋਗੀਆਂ ਦਾ ਪਹਿਰਾਵਾ ਵੀ ਸੰਬੰਧਿਤ ਲੋਕ-ਨਾਚਾਂ ’ਤੇ ਅਧਾਰਿਤ ਹੋਣਾ ਜ਼ਰੂਰੀ ਹੈ।

V.	ਬੋਲੀਆਂ ਸੱਭਿਆਚਾਰ ਦੇ ਦਾਇਰੇ ਵਿੱਚ ਰਹਿ ਕੇ ਹੀ ਪਾਈਆਂ ਜਾ ਸਕਦੀਆਂ ਹਨ। ਅਸ਼ਲੀਲ ਤੇ ਅਸੱਭਿਅਕ ਬੋਲੀਆਂ ਦੀ ਮਨਾਹੀ ਹੈ।

VI. **ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਪਹਿਰਾਵਾ -2 ਅੰਕ (2) ਬੋਲੀਆਂ ਦੀ ਅਨੁਕੂਲਤਾ- 5 ਅੰਕ

(3) ਰਿਵਾਇਤੀ ਨਾਚ - 15 ਅੰਕ (4) ਸਮੁੱਚੀ ਪੇਸ਼ਕਾਰੀ - 8 ਅੰਕ

ਨੋਟ : **ਇਹ ਵੇਖਣ ਵਿੱਚ ਆਇਆ ਹੈ ਕਿ ਅਲੱਗ-ਅਲੱਗ ਖਿੱਤਿਆਂ ਦੇ ਸੰਮੀ ਨਾਚ ਵਿੱਚ ਪਹਿਰਾਵੇ ਅਤੇ ਬੋਲੀਆਂ ਵਿੱਚ ਕੁਝ ਵਖਰੇਵਾਂ ਹੁੰਦਾ ਹੈ ਪਰ ਜੱਜ ਸਾਹਿਬਾਨ ਸੰਮੀ ਦੀ ਪੇਸ਼ਕਾਰੀ ਨੂੰ ਹੀ ਮੁੱਖ ਰੱਖਣ।**

## (15) ਗਿੱਧਾ (ਕੁੜੀਆਂ ਲਈ)

(ਇਹ ਮੁਕਾਬਲਾ ਦੂਜੇ ਅਤੇ ਤੀਜੇ ਵਰਗ ਲਈ ਖੇਤਰ-ਪੱਧਰ ਤੋਂ ਆਰੰਭ ਹੋਵੇਗਾ)

I. **ਸਮਾ:-** ਦੂਜੇ ਅਤੇ ਤੀਜੇ ਵਰਗ ਲਈ 8 ਮਿੰਟ ਤੋਂ 10 ਮਿੰਟ ਦਾ ਹੋਵੇਗਾ।

II. ਢੋਲਕੀ ਦੀ ਥਾਪ ਜਾਂ ਪਹਿਲੇ ਬੋਲ ਤੋਂ ਸਮੇ ਦੀ ਸ਼ੁਰੂਆਤ ਮੰਨੀ ਜਾਵੇਗੀ।

III. ਗਿੱਧੇ ਦੀ ਟੀਮ ਵਿੱਚ 8 ਤੋਂ 10 ਵਿਦਿਆਰਥਣਾਂ ਅਤੇ ਇੱਕ **ਪੇਸ਼ੇਵਰ** ਸਹਿਯੋਗੀ ਢੋਲਕੀ **ਵਜਾਉਣ ਵਾਲ਼ਾ** ਹੋ ਸਕਦਾ ਹੈ।

IV. ਗਿੱਧੇ ਲਈ ਪਹਿਰਾਵਾ ਅਤੇ ਪੇਸ਼ਕਾਰੀ ਪਰੰਪਰਾਗਤ ਤਾਲਾਂ 'ਤੇ ਅਧਾਰਿਤ ਹੋਵੇ। ਗਿੱਧੇ ਲਈ ਬੇਲੋੜੀ ਤੇਜੀ ਤੋਂ ਬਚਿਆ ਜਾਵੇ।

V. **ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਪਹਿਰਾਵਾ/ਗਹਿਣੇ/ਰੂਪ ਸਜਾ -5 ਅੰਕ (2) ਪ੍ਰਵੇਸ਼/ਵਿਦਾਈ - 5 ਅੰਕ

(3) ਪ੍ਰਵਾਨਿਤ ਲੋਕ-ਨਾਚ ਮੁਦਰਾਵਾਂ- 10 ਅੰਕ (4) ਬੋਲੀਆਂ ਦੀ ਗਾਇਕੀ (ਪੇਸ਼ਕਾਰੀ) - 5 ਅੰਕ

(5) ਸਮੁੱਚਾ ਪ੍ਰਭਾਵ - 5 ਅੰਕ

ਨੋਟ:- ਕੱਚ ਦੀਆਂ ਚੂੜੀਆਂ ਪਾਉਣ ਦੀ ਸਖ਼ਤ ਮਨਾਹੀ ਹੈ।

## (16) ਗਤਕਾ (ਮੁੰਡਿਆਂ ਲਈ)

(ਇਹ ਮੁਕਾਬਲਾ ਤੀਜੇ ਵਰਗ ਲਈ ਹੈ ਅਤੇ ਇਹ ਮੁਕਾਬਲਾ ਖੇਤਰ-ਪੱਧਰ ਤੋਂ ਆਰੰਭ ਹੋਵੇਗਾ)

I. **ਸਮਾ:** 5 ਤੋਂ 8 ਮਿੰਟ: ਸਮੇ ਦੀ ਸ਼ੁਰੂਆਤ ਸ਼ਸਤਰ ਸਜਾਉਣ ਤੋਂ ਹੀ ਮੰਨੀ ਜਾਵੇਗੀ।

II. **ਗਤਕਾ ਮੁਕਾਬਲੇ ਲਈ ਪੁਸ਼ਾਕ:** ਗਤਕਾ ਖੇਡਣ ਵਾਲ਼ੇ ਵਿਦਿਆਰਥੀ ਸਾਦਾ ਕੁੜਤਾ, ਪਜਾਮਾ ਅਤੇ ਕਮਰ-ਕੱਸਾ ਪਹਿਨ ਸਕਦੇ ਹਨ। ਹਰ ਵਿਦਿਆਰਥੀ ਲਈ ਸਿਰ ਢਕਣਾ ਜ਼ਰੂਰੀ ਹੈ, ਸਿਰ ਤੇ ਵੱਡਾ ਰੁਮਾਲ ਜਾਂ ਪਟਕਾ ਵੀ ਬੰਨ੍ਹਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪੂਰਨ ਬਾਣਾ ਵੀ ਪਾਇਆ ਜਾ ਸਕਦਾ ਹੈ।

III. **ਸ਼ਸਤਰ ਕਲਾ:** ਵਿਦਿਆਰਥੀ ਗਤਕੇ ਦੀਆਂ ਕੁੱਲ 5 ਕਲਾਵਾਂ ਪੇਸ਼ ਕਰ ਸਕਦੇ ਹਨ।

**ਇਕੱਲੇ ਖਿਡਰੀ ਲਈ ਗਤਕਾ:** 1. ਲਾਠੀ /ਡਾਂਗ ਘਮਾਉਣਾ 2. ਮਲੱਠੀ ਘਮਾਉਣਾ (ਸਿੰਗਲ ਅਤੇ ਡਬਲ) 3. ਕਿਰਪਾਨ ਫਿਰਾਈ ਕਰਨੀ 4. ਖੰਡਾ ਘਮਾਉਣਾ 5.ਜਾਲ ਘਮਾਉਣਾ

**ਦੋ ਜਾਂ ਦੋ ਤੋਂ ਵੱਧ ਖਿਡਾਰੀਆਂ ਲਈ:** 1. ਫਰੀ ਸੋਟੀ 2. ਤਲਵਾਰ/ਢਾਲ਼ 3. ਡਾਂਗ 4. ਸਿੰਗਲ **ਸੋਟੀ**

IV. **ਖਿਡਾਰੀਆਂ ਦੀ ਗਿਣਤੀ:** 5 ਤੋਂ 8 ਖਿਡਾਰੀ ਭਾਗ ਲੈ ਸਕਦੇ ਹਨ। ਟੀਮ ਤੋਂ ਇਲਾਵਾ ਇੱਕ ਸਹਿਯੋਗੀ ਪੇਸ਼ੇਵਾਰ ਢੋਲੀ ਹੋ ਸਕਦਾ ਹੈ।

V. **ਪੇਸ਼ਕਾਰੀ**: ਇਹ ਮੁਕਾਬਲੇ ਅਖਾੜੇ 'ਚ ਕੀਤੇ ਜਾਣਗੇ ਅਤੇ ਲੋੜ ਅਨੁਸਾਰ ਅਖਾੜੇ ਵਿੱਚ ਸ਼ਸਤਰਾਂ ਦੀ ਸੈਟਿੰਗ ਵਿਦਿਆਰਥੀਆਂ ਵੱਲੋਂ ਆਪਣੇ ਪੱਧਰ 'ਤੇ ਕੀਤੀ ਜਾਵੇਗੀ।ਖੇਡ ਦੀ ਸਮਾਪਤੀ ਵੇਲ਼ੇ ਸ਼ਸਤਰ ਚੁੱਕਣ ਦਾ ਸਮਾ 2 ਮਿੰਟ ਦਾ ਹੋਵੇਗਾ।

**VI. ਗਤਕੇ ਦੀ ਪੇਸ਼ਕਾਰੀ :- ਗਤਕੇ ਦੀ ਪੇਸ਼ਕਾਰੀ ਦੌਰਾਨ ਪਿੱਠ ਵਰਤੀ ਸੰਗੀਤ ਦੀ ਮਨਾਹੀ ਹੈ ਕੇਵਲ ਢੋਲੀ ਸਮੇਤ ਢੋਲ ਦੀ ਵਰਤੋਂ ਹੀ ਕੀਤੀ ਜਾ ਸਕਦੀ ਹੈ।**

**VII. ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਅਖਾੜੇ ਵਿੱਚ ਦਾਖ਼ਲ ਹੋਣ ਦਾ ਢੰਗ- 4 ਅੰਕ

(2) ਪਹਿਰਾਵਾ - 2 ਅੰਕ

(3) ਸ਼ਸਤਰ ਵਰਤਣ ਦਾ ਢੰਗ - 6 ਅੰਕ

(4) ਪੇਸ਼ਕਾਰੀ ਆਪਸੀ ਤਾਲਮੇਲ- 10 ਅੰਕ

(5) ਪੈਂਤਰੇ ਦੀ ਰਫਤਾਰ- 4 ਅੰਕ

(6) ਸਮੁੱਚਾ ਪ੍ਰਭਾਵ- 4 ਅੰਕ

## (17) ਗਤਕਾ ਮੁਕਾਬਲਾ (ਕੁੜੀਆਂ ਲਈ)

**ਇਹ ਮੁਕਾਬਲਾ ਤੀਜੇ ਵਰਗ ਲਈ ਹੈ ਅਤੇ ਖੇਤਰ-ਪੱਧਰ ਤੋਂ ਆਰੰਭ ਹੋਵੇਗਾ।**

I. **ਸਮਾ**:- 5 ਮਿੰਟ ਤੋਂ 8 ਮਿੰਟ ਦਾ ਹੋਵੇਗਾ। ਸਮੇਂ ਦੀ ਸ਼ੁਰੂਆਤ ਸ਼ਸਤਰ ਸਜਾਉਣ ਤੋਂ ਹੀ ਮੰਨੀ ਜਾਵੇਗੀ।

II. **ਪੁਸ਼ਾਕ**:- ਸਾਦਾ ਕੁੜਤਾ, ਚੂੜੀਦਾਰ ਪੰਜਾਮੀ, ਕਮਰ ਕੱਸਾ, ਸਿਰ ਤੇ ਰੁਮਾਲਾ ਜਾਂ ਪਟਕਾ ਬੰਨਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪੂਰਨ ਬਾਣਾ ਵੀ ਪਹਿਨਿਆ ਜਾ ਸਕਦਾ ਹੈ।

III. **ਸ਼ਸਤਰ-ਕਲਾ**:- ਵਿਦਿਆਰਥਣਾਂ ਗਤਕੇ ਦੀਆਂ ਕੁੱਲ 5 ਕਲਾਵਾਂ ਪੇਸ਼ ਕਰ ਸਕਦੀਆਂ ਹਨ।

ਇਕੱਲੀ ਖਿਡਾਰਨ ਲਈ ਗਤਕਾ: (1) ਲਾਠੀ/ਡਾਂਗ ਘਮਾਉਣਾ (2) ਮਲੱਠੀ ਘਮਾਉਣਾ (3) ਕਿਰਪਾਨ ਫਰਾਈ ਕਰਨੀ (4) ਖੰਡਾ ਘਮਾਉਣਾ।

ਦੋ ਜਾਂ ਦੋ ਤੋਂ ਵੱਧ ਖਿਡਾਰਨਾਂ ਲਈ: (1) ਫਰੀ ਸੋਟੀ (2) ਤਲਵਾਰ/ਢਾਲ਼ (3) ਡਾਂਗ ਘਮਾਉਣਾ

IV. **ਖਿਡਾਰਨਾਂ ਦੀ ਗਿਣਤੀ**:- 5 ਤੋਂ 8 ਖਿਡਾਰਨਾਂ ਭਾਗ ਲੈ ਸਕਦੀਆਂ ਹਨ। ਟੀਮ ਤੋਂ ਇਲਾਵਾ ਇੱਕ ਸਹਿਯੋਗੀ ਪੇਸ਼ੇਵਾਰ ਢੋਲੀ ਹੋ ਸਕਦਾ ਹੈ।

V. **ਪੇਸ਼ਕਾਰੀ**:- ਪੇਸ਼ਕਾਰੀ ਲਈ ਇਹ ਮੁਕਾਬਲੇ ਅਖਾੜੇ 'ਚ ਕੀਤੇ ਜਾਣਗੇ ਅਤੇ ਸਸ਼ਤਰਾਂ ਦੀ ਸੈਟਿੰਗ ਵਿਦਿਆਰਥਣਾਂ ਵੱਲੋਂ ਆਪਣੇ ਪੱਧਰ 'ਤੇ ਹੀ ਕੀਤੀ ਜਾਵੇਗੀ।ਖੇਡ ਦੀ ਸਮਾਪਤੀ ਵੇਲ਼ੇ ਸਸ਼ਤਰ ਚੁੱਕਣ ਦਾ ਸਮਾ 2 ਮਿੰਟ ਦਾ ਹੋਵੇਗਾ।

**V. ਗਤਕੇ ਦੀ ਪੇਸ਼ਕਾਰੀ :- ਗਤਕੇ ਦੀ ਪੇਸ਼ਕਾਰੀ ਦੌਰਾਨ ਪਿੱਠ ਵਰਤੀ ਸੰਗੀਤ ਦੀ ਮਨਾਹੀ ਹੈ। ਕੇਵਲ ਢੋਲੀ ਸਮੇਤ ਢੋਲ ਦੀ ਵਰਤੋਂ ਹੀ ਕੀਤੀ ਜਾ ਸਕਦੀ ਹੈ।**

**VI. ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਅਖਾੜੇ ਵਿੱਚ ਦਾਖ਼ਲ ਹੋਣ ਦਾ ਢੰਗ - 04 ਅੰਕ

(2) ਪਹਿਰਾਵਾ - 02 ਅੰਕ

(3) ਸ਼ਸਤਰ ਵਰਤਣ ਦਾ ਢੰਗ - 06 ਅੰਕ

(4) ਪੇਸ਼ਕਾਰੀ ਆਪਸੀ ਤਾਲਮੇਲ - 10 ਅੰਕ

(5) ਪੈਂਤਰੇ ਦੀ ਰਫਤਾਰ - 04 ਅੰਕ

(6) ਸਮੁੱਚਾ ਪ੍ਰਭਾਵ - 04 ਅੰਕ

## ਸੈਸ਼ਨ 2016-17 ਲਈ ਜ਼ਿਲ੍ਹਿਆਂ ਦੇ ਆਯੋਜਨ ਕੇਂਦਰਾਂ ਦੀ ਸੂਚੀ

(ਹਰੇਕ ਵਰਗ ਦੇ ਜ਼ਿਲ੍ਹਾ-ਪੱਧਰ ਦੇ ਮੁਕਾਬਲਿਆਂ ਲਈ ਆਯੋਜਨ ਕੇਂਦਰਾਂ ਦੀ ਸੂਚੀ)

ਆਯੋਜਨ ਕੇਂਦਰ ਬਣਨ ਲਈ ਸਕੂਲ ਆਪਣੇ ਪੱਧਰ 'ਤੇ ਬਿਨੈ-ਪੱਤਰ ਵੇਰਵੇ ਸਮੇਤ ਬੋਰਡ ਦੇ ਦਫ਼ਤਰ ਨੂੰ ਭੇਜ ਸਕਦੇ ਹਨ ਜੇਕਰ ਕੋਈ ਆਯੋਜਨ ਕੇਂਦਰ ਬੋਰਡ ਦਫ਼ਤਰ ਨੂੰ ਆਪਣੀ ਅਸਹਿਮਤੀ ਨਹੀਂ ਭੇਜਦਾ ਜਾਂ ਦਫ਼ਤਰ ਵੱਲੋਂ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ ਤਾਂ ਅਗਲੇ ਸਾਲ ਲਈ ਵੀ ਇਹੋ ਆਯੋਜਨ ਕੇਂਦਰ ਜਾਰੀ ਰਹਿਣਗੇ।

### ਅੰਮ੍ਰਿਤਸਰ।

| | |
|---|---|
| I. ਖਾਲਸਾ ਕਾਲਜ ਸੀਨੀ.ਸੈਕੰ.ਸਕੂਲ, ਅੰਮ੍ਰਿਤਸਰ 0183-2258267 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. ਸਰਕਾਰੀ (ਕੰ) ਸ.ਸ.ਸਕੂਲ, ਮਾਲ ਰੋਡ, ਅੰਮ੍ਰਿਤਸਰ 0183-2220682 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

### ਬਠਿੰਡਾ।

| | |
|---|---|
| I. ਗੁਰੂ ਨਾਨਕ ਦੇਵ ਪਬਲਿਕ ਸੀ.ਸ.ਸਕੂਲ, ਸਿਵਲ ਸਟੇਸ਼ਨ, ਬਠਿੰਡਾ 0164-2211288 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ ਚਿੱਤਰਕਲਾ। |
| II. ਦਸ਼ਮੇਸ਼ ਸੀਨੀ.ਸੈਕੰ.ਸਕੂਲ, ਸਿਵਲ ਲਾਇਨ, ਬਠਿੰਡਾ 0164-2211076 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

### ਬਰਨਾਲਾ।

| | |
|---|---|
| I. ਸਰਵਹਿੱਤਕਾਰੀ ਸ.ਸ.ਵਿੱਦਿਆ ਮੰਦਰ, ਅਨਾਜ ਮੰਡੀ, ਬਰਨਾਲਾ 01679-239143 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. ਦਿਆਨੰਦ ਕੇਂਦਰੀ ਵਿੱਦਿਆ ਮੰਦਰ, ਸੇਖਾ ਰੋਡ, ਬਰਨਾਲਾ 01679-232087 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

## ਫਰੀਦਕੋਟ।

I. ਨਿਊ ਸੀਨੀ.ਸੈਕੰ.ਸਕੂਲ, ਬਲਾਕ 1, ਫਰੀਦਕੋਟ। — ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ-ਲਿਖਾਈ, ਚਿੱਤਰਕਲਾ।

II **ਨਿਊ** ਸੀਨੀ.ਸੈਕੰ.ਸਕੂਲ, ਬਲਾਕ 11, ਫਰੀਦਕੋਟ। — ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ।

## ਫਤਿਹਗੜ੍ਹ ਸਾਹਿਬ।

I. ਮਾਤਾ ਗੁਜਰੀ ਸਰਕਾਰੀ ਸ.ਸ.ਸਕੂਲ, ਫਤਿਹਗੜ੍ਹ ਸਾਹਿਬ 01763-232223 — ਸ਼ਬਦ-ਗਾਇਨ,ਲੋਕ-ਗੀਤ/ਗੀਤ,ਸੁੰਦਰ-ਲਿਖਾਈ, ਚਿੱਤਰਕਲਾ।

II. ਐਮ.ਜੀ.ਅਸ਼ੋਕਾ (ਕੰ) ਸ.ਸ.ਸਕੂਲ, ਸਰਹਿੰਦ ਮੰਡੀ 01763-222528 — ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ।

## ਫਿਰੋਜ਼ਪੁਰ।

I. ਸਰਕਾਰੀ (ਕੰ) ਸ.ਸ.ਸਕੂਲ, ਫਿਰੋਜ਼ਪੁਰ।(01632-243906) — ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ

**ਬਲਾਕ**-1

II. ਸਰਕਾਰੀ (ਕੰ) ਸ.ਸ.ਸਕੂਲ, ਫਿਰੋਜ਼ਪੁਰ 01632-243906 — ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ।

**ਬਲਾਕ**-2

## ਗੁਰਦਾਸਪੁਰ।

I. **ਸ੍ਰੀ ਗੁਰੂ ਰਾਮ ਦਾਸ ਸੀਨੀ. ਸੈਕੰ. ਸਕੂਲ** ਗੁਰਦਾਸਪੁਰ ਬਲਾਕ 1, 9814906493 — ਸ਼ਬਦ-ਗਾਇਨ,ਲੋਕ-ਗੀਤ/ਗੀਤ,ਸੁੰਦਰਲਿਖਾਈ, ਚਿੱਤਰਕਲਾ।

II. **ਸ੍ਰੀ ਗੁਰੂ ਰਾਮ ਦਾਸ ਸੀਨੀ. ਸੈਕੰ. ਸਕੂਲ** ਗੁਰਦਾਸਪੁਰ ਬਲਾਕ 2, 9814906493 — ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ।

## ਹੁਸ਼ਿਆਰਪੁਰ।

I. ਸਰਕਾਰੀ (ਕੰ) ਸ.ਸ.ਸਕੂਲ, ਰੇਲਵੇ ਮੰਡੀ ਹੁਸ਼ਿਆਰਪੁਰ ਬਲਾਕ-1, 78371-46688 — ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ।

II. ਸਰਕਾਰੀ (ਕੰ) ਸ.ਸ.ਸਕੂਲ, ਰੇਲਵੇ ਮੰਡੀ ਹੁਸ਼ਿਆਰਪੁਰ ਬਲਾਕ-2, 78371-46688 — ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ।

## ਜਲੰਧਰ।

I. ਸਰਕਾਰੀ ਕੰਨਿਆਂ ਸੀਨੀ.ਸੈਕੰ.ਸਕੂਲ, ਨਹਿਰੂ ਗਾਰਡਨ, ਜਲੰਧਰ। — ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ।

0181-228223, 98552-79535

| | |
|---|---|
| II. ਸਰਕਾਰੀ ਕੰਨਿਆਂ ਸੀਨੀ.ਸੈਕੰ.ਸਕੂਲ, ਨਹਿਰੂ ਗਾਰਡਨ, ਬਲਾਕ-2 ਜਲਧੰਰ। 0181-228223 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

### ਕਪੂਰਥਲਾ।

| | |
|---|---|
| I. ਆਰੀਆ ਮਾਡਲ ਸੀਨੀ.ਸੈਕੰ.ਸਕੂਲ, ਫਗਵਾੜਾ 01824-260328 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ,ਚਿੱਤਰਕਲਾ। |
| II. ਰਾਮਗੜੀਆਂ ਗਰਲਜ਼ ਸੀਨੀ.ਸੈਕੰ.ਸਕੂਲ, ਪੁਰਾਣਾ ਡਾਕਖਾਨਾ ਰੋਡ, ਫਗਵਾੜਾ, 01824-655824 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

### ਲੁਧਿਆਣਾ।

| | |
|---|---|
| I. ਸਰਕਾਰੀ (ਕੰ) ਸੀਨੀ.ਸੈਕੰ.ਸਕੂਲ, ਮਲਟੀਪਰਪਜ਼ **ਨੋਲੱਖਾ ਸਿਨੇਮਾ ਰੋਡ, ਲੁਧਿਆਣਾ** ਬਲਾਕ-1, 0161-2751936 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. ਸਰਕਾਰੀ (ਕੰ) ਸੀਨੀ.ਸੈਕੰ.ਸਕੂਲ, ਮਲਟੀਪਰਪਜ਼ **ਨੋਲੱਖਾ ਸਿਨੇਮਾ ਰੋਡ, ਲੁਧਿਆਣਾ** ਬਲਾਕ-2, 0161-2751936 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

### ਮਾਨਸਾ।

| | |
|---|---|
| I. ਸਰਕਾਰੀ ਸ.ਸ.ਸਕੂਲ (ਲੜਕੇ), ਮਾਨਸਾ, ਬਲਾਕ-1, 94172-34111 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. ਸਰਕਾਰੀ ਸ.ਸ.ਸਕੂਲ, ਲੜਕੇ, ਮਾਨਸਾ ਬਲਾਕ-2, 94172-34111 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

### ਮੋਗਾ।

| | |
|---|---|
| I. ਭੁਪਿੰਦਰ ਖਾਲਸਾ ਸੀਨੀ.ਸੈਕੰ.ਸਕੂਲ, ਮੋਗਾ 01636-223291 (ਬਲਾਕ-1) | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. ਭੁਪਿੰਦਰ ਖਾਲਸਾ ਸੀਨੀ.ਸੈਕੰ.ਸਕੂਲ, ਮੋਗਾ 01636-223291 (ਬਲਾਕ-2) | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

### ਫਾਜ਼ਿਲਕਾ।

| | |
|---|---|
| I. ਸਰਕਾਰੀ ਗਰਲਜ਼ ਸੀਨੀ.ਸੈਕੰ,ਸਕੂਲ, ਫਾਜ਼ਿਲਕਾ, ਬਲਾਕ-1 99144-60514 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. ਸਰਕਾਰੀ ਗਰਲਜ਼ ਸੀਨੀ.ਸੈਕੰ,ਸਕੂਲ, ਫਾਜ਼ਿਲਕਾ, ਬਲਾਕ-2 95010-16826 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

### ਐਸ.ਏ.ਐਸ.ਨਗਰ।

| | | |
|---|---|---|
| I. | ਪੰਜਾਬ ਸਕੂਲ ਸਿੱਖਿਆ ਬੋਰਡ, ਐਡੋਟਾਰੀਅਮ ਬਲਾਕ-1 9417121195, 0172 3047383 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ , ਲਿਖਾਈ, ਚਿੱਤਰਕਲਾ। |
| II. | ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-11 9417121195, 0172 3047383 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

## ਸ੍ਰੀ ਮੁਕਤਸਰ ਸਾਹਿਬ।

| | | |
|---|---|---|
| I. | ਜੀ.ਟੀ.ਬੀ. ਖਾਲਸਾ ਸ.ਸ.ਸਕੂਲ, ਮਲੋਟ, ਬਲਾਕ 101637-261699 | ਸ਼ਬਦ-ਗਾਇਨ,ਲੋਕ-ਗੀਤ/ਗੀਤ,ਸੁੰਦਰ ਲਿਖਾਈ, ਚਿੱਤਰਕਲਾ। |
| II. | ਜੀ.ਟੀ.ਬੀ. ਖਾਲਸਾ ਸ.ਸ.ਸਕੂਲ, ਮਲੋਟ, ਬਲਾਕ 2, 01637-261699 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

## ਸ਼ਹੀਦ ਭਗਤ ਸਿੰਘ ਨਗਰ।

| | | |
|---|---|---|
| I. | ਜੇ.ਐਫ.ਐਸ.ਐਚ. ਖਾਲਸਾ ਹਾਈ ਸਕੂਲ, ਸ਼ਹੀਦ ਭਗਤ ਸਿੰਘ ਨਗਰ ਬਲਾਕ-1 01823-222087, 94646-78179 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. | ਜੇ.ਐਫ.ਐਸ.ਐਚ. ਖਾਲਸਾ ਹਾਈ ਸਕੂਲ, ਸ਼ਹੀਦ ਭਗਤ ਸਿੰਘ ਨਗਰ ਬਲਾਕ-2 01823-222087, 94646-78179 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। ਲਿਖਾਈ, ਚਿੱਤਰਕਲਾ। |

## ਪਟਿਆਲਾ।

| | | |
|---|---|---|
| I. | ਭਾਈ ਰਾਮ ਕਿਸ਼ਨ ਗੁਰਮਿਤ ਪਬਲਿਕ ਸੀਨੀ. ਸੈਕੰ. ਬਲਾਕ 1, 9417459532 ਸਕੂਲ, ਪਿੰਡ ਚੌਰਾ, ਨੇੜੇ ਅਰਬਨ ਅਸਟੇਟ ਪਟਿਆਲਾ | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. | ਭਾਈ ਰਾਮ ਕਿਸ਼ਨ ਗੁਰਮਿਤ ਪਬਲਿਕ ਸੀਨੀ. ਸੈਕੰ. ਸਕੂਲ, ਪਿੰਡ ਚੌਰਾ, ਨੇੜੇ ਅਰਬਨ ਅਸਟੇਟ ਪਟਿਆਲਾ ਬਲਾਕ 11, 9417459532 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

## ਰੋਪੜ।

| | | |
|---|---|---|
| I. | ਖਾਲਸਾ ਸ.ਸ.ਸਕੂਲ, ਰੋਪੜ ਬਲਾਕ-1, 01880-652240, 94170-57212 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. | ਖਾਲਸਾ ਸ.ਸ.ਸਕੂਲ, ਰੋਪੜ ਬਲਾਕ-2, 01880-652240, 94170-57212 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

## ਸੰਗਰੂਰ।

| | | |
|---|---|---|
| I. | ਰੋਬਿਨ ਮਾਡਲ ਸ.ਸ.ਸਕੂਲ, ਧੂਰੀ ਬਲਾਕ-1 ਫੋਨ:01675-265183 | ਸ਼ਬਦ-ਗਾਇਨ,ਲੋਕ-ਗੀਤ/ਗੀਤ,ਸੁੰਦਰ ਲਿਖਾਈ, ਚਿੱਤਰਕਲਾ। |

| | | |
|---|---|---|
| II. | ਰੋਬਿਨ ਮਾਡਲ ਸ.ਸ.ਸਕੂਲ, ਧੂਰੀ<br>ਬਲਾਕ-2 ਫੋਨ: 01675-220147 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

ਤਰਨਤਾਰਨ।

| | | |
|---|---|---|
| I. | ਬਾਬਾ ਬੁੱਢਾ ਪਬਲਿਕ ਸ.ਸ.ਸਕੂਲ,<br>ਬੀੜ ਬਾਬਾ ਬੁੱਢਾ, ਠੱਠਾ ਤਰਨਤਾਰਨ,01852-278500 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. | ਖਾਲਸਾ ਸ.ਸ.ਸਕੂਲ, ਬੀੜ ਬਾਬਾ ਬੁੱਢਾ<br>ਠੱਠਾ ਤਰਨਤਾਰਨ, 01852-215321 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

ਪਠਾਨਕੋਟ।

| | | |
|---|---|---|
| I. | ਹਿੰਮ ਸ਼ਿਖਾ ਹਾਈ ਸਕੂਲ ਡਿਫੈਂਨ ਰੋਡ, ਮਾਮੂਨ<br>ਪਠਾਨਕੋਟ, ਬਲਾਕ-1,<br>01862-347404, ਮੋ: 9814257404 | ਸ਼ਬਦ-ਗਾਇਨ, ਲੋਕ-ਗੀਤ/ਗੀਤ, ਸੁੰਦਰ ਲਿਖਾਈ, ਚਿੱਤਰਕਲਾ। |
| II. | ਹਿੰਮ ਸ਼ਿਖਾ ਹਾਈ ਸਕੂਲ ਡਿਫੈਂਨ ਰੋਡ, ਮਾਮੂਨ<br>ਪਠਾਨਕੋਟ, ਬਲਾਕ-11,<br>01862-347404 ਮੋ: 9814257404 | ਕਵਿਤਾ-ਉਚਾਰਨ, ਭਾਸ਼ਣ, ਸੋਲੋ-ਡਾਂਸ। |

## ਸੈਸ਼ਨ 2016-17 ਲਈ ਖੇਤਰ-ਪੱਧਰ ਦੇ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਲਈ ਆਯੋਜਨ ਕੇਂਦਰਾਂ ਦੀ ਸੂਚੀ

### 1. ਅੰਮ੍ਰਿਤਸਰ ਖੇਤਰ

**1. ਖਾਲਸਾ ਕਾਲਜ ਸੀ.ਸੈ.ਸਕੂਲ, ਅੰਮ੍ਰਿਤਸਰ, ਬਲਾਕ-।** (0183-2258267) — **ਇਕਾਂਗੀ, ਗੱਤਕਾ, ਭਾਸ਼ਣ, ਕਵਿਤਾ।**

**2. ਸਰਕਾਰੀ (ਕੰ) ਸੀ.ਸੈ.ਸਕੂਲ, ਮਾਲ ਰੋਡ ਅੰਮ੍ਰਿਤਸਰ,** (0183-2220682) — **ਸ਼ਬਦ-ਗਾਇਨ, ਗੀਤ, ਗਿੱਧਾ, ਆਮ ਗਿਆਨ, ਮੌਲਿਕ ਲਿਖਤ।**

**3. ਪ੍ਰਿੰਸ ਰੋਜ਼ਿਜ ਇੰਗਲਿਸ਼ ਸਕੂਲ, ਕੋਟ ਆਤਮਾ ਰਾਮ, ਨੇੜੇ ਗੁਰੁਦੁਆਰਾ ਮੀਰੀ ਪੀਰੀ ਸੁਲਤਾਨਵਿੰਡ ਰੋਡ, ਅੰਮ੍ਰਿਤਸਰ** (0183-2493214) — **ਵਾਰ, ਕਵਿਸਰੀ, ਲੋਕ- ਨਾਚ।**

**4. ਖਾਲਸਾ ਕਾਲਜ ਸੀ.ਸੈ.ਸਕੂਲ, ਅੰਮ੍ਰਿਤਸਰ, ਬਲਾਕ-॥** (0183-2258267) — **ਸੁੰਦਰ ਲਿਖਾਈ, ਚਿੱਤਰਕਲਾ, ਭੰਗੜਾ, ਸੋਲੋ-ਡਾਂਸ।**

### 2. ਜਲੰਧਰ ਖੇਤਰ।

**1. ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਬਲਾਕ-।** — **ਇਕਾਂਗੀ, ਗੱਤਕਾ, ਭਾਸ਼ਣ, ਕਵਿਤਾ।**

2. ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਬਲਾਕ-II — ਸ਼ਬਦ-ਗਾਇਨ, ਗੀਤ, ਗਿੱਧਾ, ਆਮ ਗਿਆਨ, ਮੌਲਿਕ ਲਿਖਤ।

3. ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਬਲਾਕ-III — ਵਾਰ, ਕਵਿਸਰੀ, ਲੋਕ-ਨਾਚ।

4. ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਬਲਾਕ- IV — ਸੁੰਦਰ ਲਿਖਾਈ, ਚਿੱਤਰਕਲਾ, ਸੋਲੋ-ਡਾਂਸ, ਭੰਗੜਾ।

## 3. ਬਠਿੰਡਾ।

1. ਗੁਰੂ ਕਾਂਸੀ ਪਬ..ਸੀ.ਸੈ.ਸਕੂਲ, ਬਠਿੰਡਾ। — ਇਕਾਂਗੀ, ਗੱਤਕਾ, ਭਾਸ਼ਣ, ਕਵਿਤਾ।
2. ਗੁਰੂ ਨਾਨਕ ਦੇਵ ਪਬ.ਸੀ.ਸੈ.ਸਕੂਲ, ਸਿਵਲ ਸਟੇਸ਼ਨ, ਬਠਿੰਡਾ ਬਲਾਕ-I — ਸ਼ਬਦ-ਗਾਇਨ, ਗੀਤ, ਗਿੱਧਾ, ਆਮ ਗਿਆਨ, ਮੌਲਿਕ ਲਿਖਤ।
3. ਗੁਰੂ ਨਾਨਕ ਦੇਵ ਪਬ.ਸੀ.ਸੈ.ਸਕੂਲ, ਸਿਵਲ ਸਟੇਸ਼ਨ, ਬਠਿੰਡਾ ਬਲਾਕ-II — ਵਾਰ, ਕਵਿਸਰੀ, ਲੋਕ-ਨਾਚ।
4. ਦਸ਼ਮੇਸ਼ ਸੀ.ਸੈ.ਸਕੂਲ, ਸਿਵਲ ਲਾਇਨ, ਬਠਿੰਡਾ — ਸੁੰਦਰ ਲਿਖਾਈ, ਚਿੱਤਰਕਲਾ, ਸੋਲੋ-ਡਾਂਸ, ਭੰਗੜਾ।

## 4. ਐੱਸ.ਏ.ਐੱਸ. ਨਗਰ।

1. ਸੰਤ ਵਰਿਆਮ ਸਿੰਘ ਮੈਮੋ.ਪਬ.ਸੀ.ਸੈ.ਸਕੂਲ, ਰਤਵਾੜਾ ਸਾਹਿਬ (ਐੱਸ.ਏ.ਐੱਸ. ਨਗਰ) ਬਲਾਕ-I — ਇਕਾਂਗੀ, ਗੱਤਕਾ, ਭਾਸ਼ਣ, ਕਵਿਤਾ। ਮੋ: 95920-95914
2. ਸੰਤ ਵਰਿਆਮ ਸਿੰਘ ਮੈਮੋ.ਪਬ.ਸੀ.ਸੈ.ਸਕੂਲ, ਰਤਵਾੜਾ ਸਾਹਿਬ (ਐੱਸ.ਏ.ਐੱਸ. ਨਗਰ) ਬਲਾਕ-II — ਸ਼ਬਦ-ਗਾਇਨ, ਗੀਤ, ਗਿੱਧਾ, ਆਮ ਗਿਆਨ, ਮੌਲਿਕ ਲਿਖਤ। ਮੋ: 95920-95914
3. ਸੰਤ ਵਰਿਆਮ ਸਿੰਘ ਮੈਮੋ.ਪਬ.ਸੀ.ਸੈ.ਸਕੂਲ, ਰਤਵਾੜਾ ਸਾਹਿਬ (ਐੱਸ.ਏ.ਐੱਸ. ਨਗਰ) ਬਲਾਕ-III — ਵਾਰ, ਕਵਿਸਰੀ, ਲੋਕ-ਨਾਚ। ਮੋ: 95920-95914
4. ਸੰਤ ਵਰਿਆਮ ਸਿੰਘ ਮੈਮੋ.ਪਬ.ਸੀ.ਸੈ.ਸਕੂਲ, ਰਤਵਾੜਾ ਸਾਹਿਬ (ਐੱਸ.ਏ.ਐੱਸ. ਨਗਰ) ਬਲਾਕ- IV — ਸੁੰਦਰ ਲਿਖਾਈ, ਚਿੱਤਰਕਲਾ, ਸੋਲੋ-ਡਾਂਸ, ਭੰਗੜਾ। ਮੋ: 95920-95914

# ਪੰਜਾਬ ਸਕੂਲ ਸਿੱਖਿਆ ਬੋਰਡ

## ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ

## ਆਰਜ਼ੀ ਸਰਟੀਫ਼ਿਕੇਟ-ਸੈਸ਼ਨ 2016-17

ਤਸਦੀਕ ਕੀਤਾ ਜਾਂਦਾ ਹੈ ਕਿ .............................................................................. ਸਕੂਲ ਨਾਲ਼ ਸੰਬੰਧਿਤ ਵਿਦਿਆਰਥੀ/ਟੀਮ ........................................................... ਨੇ ਜ਼ਿਲ੍ਹਾ/ ਖੇਤਰ..................................... ਦੇ ........................................... ਆਯੋਜਨ ਕੇਂਦਰ ਵਿਖੇ ....................... ਮੁਕਾਬਲੇ ਵਿੱਚ ................... ਸਥਾਨ ਪ੍ਰਾਪਤ ਕੀਤਾ ਹੈ। ਇਹ ਵਿਦਿਆਰਥੀ/ਟੀਮ ਜ਼ਿਲ੍ਹਾ/ਖੇਤਰ-ਪੱਧਰ 'ਤੇ ਹਿੱਸਾ ਲੈਣ ਦੇ ਯੋਗ ਹੈ।

ਅਯੋਜਨ

ਕੇਂਦਰ ਦਾ ਮੁਖੀ

ਹਸਤਾਖਰ ਸਮੇਤ ਮੋਹਰ

ਮਿਤੀ: ...................

ਟੈਲੀਫ਼ੋਨ ਨੰ:

ਨੋਟ: ਲੋੜ ਅਨੁਸਾਰ ਇਸ ਆਰਜ਼ੀ ਸਰਟੀਫ਼ਿਕੇਟ ਦੀਆਂ ਫੋਟੋ ਕਾਪੀਆਂ ਵੀ ਕਰਵਾਈਆਂ ਜਾ ਸਕਦੀਆਂ ਹਨ।

ਫ਼ਾਰਮ ਐਫ਼.ਪੀ. - 1

# ਪੰਜਾਬ ਸਕੂਲ ਸਿੱਖਿਆ ਬੋਰਡ

ਸੈਸ਼ਨ 2016-17

1. ਵਿਦਿਆਰਥੀ ਦਾ ਨਾਂ (ਪੰਜਾਬੀ ਵਿੱਚ) ............................................. (ਅੰਗਰੇਜ਼ੀ ਵਿੱਚ).......................
2. ਪਿਤਾ ਦਾ ਨਾਂ ..........................................................................................................................
3. ਮਾਤਾ ਦਾ ਨਾਂ ..........................................................................................................................
4. ਸਕੂਲ ਦਾ ਨਾਂ (ਪੰਜਾਬੀ ਵਿੱਚ) ............................................. (ਅੰਗਰੇਜ਼ੀ ਵਿੱਚ)...............................
5. ਬੋਰਡ ਦੁਆਰਾ ਜਾਰੀ ਸਕੂਲ ਦਾ ਸ਼ਨਾਖਤੀ ਨੰਬਰ ..........................................................................
6. ਸਕੂਲ ਦੇ ਦਾਖ਼ਲਾ-ਖਾਰਜ ਰਜਿਸਟਰ ਅਨੁਸਾਰ ਵਿਦਿਆਰਥੀ ਦੀ:
   1) ਸ਼੍ਰੇਣੀ ..................................................................................................................
   2) ਦਾਖ਼ਲਾ ਕ੍ਰਮ ਅੰਕ .....................................................................................................
   3) ਜਨਮ ਮਿਤੀ (ਅੰਕਾਂ ਵਿੱਚ) ..........................................................................................
      (ਸ਼ਬਦਾਂ ਵਿੱਚ) .........................................................................................................
   4) ਘਰ ਦਾ ਪੂਰਾ ਪਤਾ ......................................................................................................
7. ਵਿਦਿਆਰਥੀ ਦਾ ਬੈਂਕ ਖਾਤਾ ਨੰਬਰ:............................ ਬੈਕ ਦਾ ਨਾਂ .............................................
   ਬੈਂਕ ਦਾ ਪੂਰਾ ਪਤਾ ........................................... IFS Code……………………………………….

........................................

ਵਿਦਿਆਰਥੀ ਦੇ ਹਸਤਾਖਰ ਅਤੇ ਟੈਲੀਫੋਨ ਨੰ

1. ਤਸਦੀਕ ਕੀਤਾ ਜਾਂਦਾ ਹੈ ਕਿ ਵਿਦਿਆਰਥੀ ਦੇ ਉਪਰੋਕਤ ਵੇਰਵੇ ਸਕੂਲ ਦੇ ਰਿਕਾਰਡ ਅਨੁਸਾਰ ਠੀਕ ਹਨ। ਸਬੂਤ ਵਜੋਂ ਸਕੂਲ ਦੇ ਦਾਖ਼ਲਾ-ਖ਼ਾਰਜ ਰਜਿਸਟਰ ਦੇ ਸੰਬੰਧਿਤ ਪੰਨੇ ਦੀ ਤਸਦੀਕ ਸ਼ੁਦਾ ਫੋਟੋ ਕਾਪੀ ਨਾਲ਼ ਭੇਜੀ ਜਾ ਰਹੀ ਹੈ।
2. ਨਾਲ਼ ਨੱਥੀ ਡਾਕਟਰੀ ਸਰਟੀਫ਼ਿਕੇਟ ਅਨੁਸਾਰ ਵਿਦਿਆਰਥੀ ਦੀ ਅਪੰਗਤਾ .............................. % ਹੈ।

ਸਕੂਲ ਮੁਖੀ ਦੇ ਹਸਤਾਖਰ
ਅਤੇ ਦਫ਼ਤਰੀ ਮੋਹਰ

1. ਸਕੂਲ ਮੁਖੀ ਦਾ ਪੂਰਾ ਨਾਂ .......................................
2. ਸਕੂਲ ਦਾ ਪੂਰਾ ਡਾਕ ਪਤਾ ......................................
   ...................................................................
3. ਸਕੂਲ ਮੁਖੀ ਦਾ ਟੈਲੀਫ਼ੋਨ ਨੰ: ..................................
   ਮੋਬਾਇਲ ਨੰ:.......................................................

# ਅਪੰਗ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਦੇ ਨਿਯਮ/ਹਦਾਇਤਾਂ

ਰਾਜ ਦੇ ਸਰਕਾਰੀ/ਏਡਿਡ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ ਮੋਹਾਲੀ ਨਾਲ਼ ਐਫ਼ੀਲੀਏਟਿਡ ਸਕੂਲਾਂ ਦੇ ਰੈਗੂਲਰ ਅਪੰਗ ਵਿਦਿਆਰਥੀਆਂ ਦੇ ਵਿੱਦਿਅਕ ਵਿਕਾਸ ਲਈ ਬੋਰਡ ਦੁਆਰਾ ਵਿਸ਼ੇਸ਼ ਵਿੱਤੀ ਸਹਾਇਤਾ ਦੇਣ ਦਾ ਉਪਬੰਧ ਹੈ। ਇਸ ਸੰਬੰਧੀ ਯੋਗ ਵਿਦਿਆਰਥੀਆਂ ਦੀ ਪ੍ਰਤਿ ਬੇਨਤੀ ਸਕੂਲ ਮੁਖੀ ਵੱਲੋਂ ਮਿਤੀ 30.11.2016 ਤੱਕ ਉਪ ਡਾਇਰੈਕਟਰ (ਗ.ਸ.ਖ.ਸ) ਸੱਤਵੀਂ ਮੰਜ਼ਿਲ ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੋਹਾਲੀ ਨੂੰ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਹਦਾਇਤ ਪੁਸਤਕ ਦੇ ਅੰਤ ਵਿੱਚ ਨੱਥੀ ਪ੍ਰੋਫ਼ਾਰਮੇ (ਐਫ਼.ਪੀ.-1) ਉੱਤੇ ਭੇਜ ਸਕਦੇ ਹਨ। ਫ਼ਾਰਮ ਐਫ਼-ਪੀ-1 ਉੱਤੇ ਵਿਦਿਆਰਥੀ/ਸਕੂਲ ਦਾ ਨਾਂ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਵੀ ਜ਼ਰੂਰ ਲਿਖਿਆ ਜਾਵੇ।

1. ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫ਼ੀਲੀਏਟਿਡ ਸਕੂਲਾਂ ਵਿੱਚ ਪੜ੍ਹਦੇ ਰੈਗੂਲਰ ਅਪੰਗ ਵਿਦਿਆਰਥੀਆਂ ਨੂੰ ਹੀ ਇਹ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਸਬੂਤ ਲਈ ਦਾਖ਼ਲਾ ਖਾਰਜ ਰਜਿਸਟਰ ਦੀ ਤਸਦੀਕ ਸ਼ੁਧਾ ਕਾਪੀ ਭੇਜਣੀ ਬਹੁਤ ਜ਼ਰੂਰੀ ਹੈ।
2. ਨੇਤਰਹੀਣ, ਗੂੰਗੇ ਅਤੇ ਬੋਲ਼ੇ ਵਿਦਿਆਰਥੀ ਵੀ ਇਹ ਸਹਾਇਤਾ ਲੈ ਸਕਦੇ ਹਨ।
3. ਅਪੰਗਤਾ ਦੀ ਪ੍ਰਤਿਸ਼ਤਤਾ 40% ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ। 40 ਪ੍ਰਤਿਸ਼ਤ ਤੋਂ ਘੱਟ ਅਪੰਗਤਾ ਵਾਲ਼ੇ ਵਿਦਿਆਰਥੀਆਂ ਨੂੰ ਇਹ ਸਹਾਇਤਾ ਨਹੀਂ ਦਿੱਤੀ ਜਾਵੇਗੀ। ਸਕੂਲ ਮੁਖੀ ਤੋਂ ਤਸਦੀਕ ਫ਼ਾਰਮ ਅਤੇ ਡਾਕਟਰੀ ਸਰਟੀਫ਼ਿਕੇਟ ਦੇ ਆਧਾਰ 'ਤੇ ਹੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਡਾਕਟਰੀ ਸਰਟੀਫ਼ਿਕੇਟ ਦੀ ਕਾਪੀ ਸਕੂਲ ਮੁਖੀ ਤੋਂ ਤਸਦੀਕ ਨਾ ਹੋਣ ਦੀ ਸੂਰਤ ਵਿੱਚ, ਕੇਸ ਅਦਾਇਗੀ ਲਈ ਨਹੀਂ ਵਿਚਾਰਿਆ ਜਾਵੇਗਾ।
4. ਅਪੰਗਤਾ ਸੰਬੰਧੀ ਸਰਟੀਫ਼ਿਕੇਟ ਅਸਿਸਟੈਂਟ ਸਿਵਲ ਸਰਜਨ/ਐਸ.ਐਮ.ਓ., ਪੀ.ਸੀ.ਐਮ./ਐਮ.ਡੀ. ਆਰਥੋਪੈਡਿਕ ਸਰਜਨ ਵੱਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ।
5. ਵਿੱਤੀ ਸਹਾਇਤਾ ਦੀ ਦਰ ਵਿਦਿਆਰਥੀਆਂ ਦੇ ਫ਼ਾਰਮ, ਸਕੂਲ ਮੁਖੀ ਰਾਹੀਂ ਪ੍ਰਾਪਤ ਹੋਣ ਉਪਰੰਤ ਹੀ ਨਿਸ਼ਚਿਤ ਕੀਤੀ ਜਾਵੇਗੀ। ਅਪੰਗਤਾ ਦਾ ਸਰਟੀਫ਼ਿਕੇਟ ਮੁਹਰ ਲਗਾ ਕੇ ਸਕੂਲ ਮੁਖੀ ਤੋਂ ਤਸਦੀਕ ਕਰਵਾ ਕੇ ਭੇਜਿਆ ਜਾਵੇ, ਮੁਹਰ ਉੱਪਰ ਹਸਤਾਖਰ ਜ਼ਰੂਰੀ ਹਨ।
6. ਵਿੱਤੀ ਸਹਾਇਤਾ ਸਕੂਲ ਮੁਖੀ ਰਾਹੀਂ ਪ੍ਰਦਾਨ ਕੀਤੀ ਜਾਵੇਗੀ। ਸਕੂਲ ਮੁਖੀ ਹੀ ਵਿਦਿਆਰਥੀ ਨੂੰ ਪ੍ਰਾਪਤ ਰਾਸ਼ੀ ਦੇਵੇਗਾ ਅਤੇ ਬੋਰਡ ਨੂੰ ਇਸ ਬਾਰੇ ਲਿਖਤੀ ਸਰਟੀਫ਼ਿਕੇਟ (ਜੋ ਕਿ ਚੈੱਕ ਭੇਜਣ ਸਮੇ ਨਾਲ਼ ਨੱਥੀ ਹੋਵੇਗਾ) ਭੇਜੇਗਾ।
7. ਇਸ ਵਜੀਫ਼ੇ ਲਈ ਕਿਸੇ ਹੋਰ ਸੰਸਥਾ ਤੋਂ ਮਿਲਨ ਵਾਲ਼ੀ ਕਿਸੇ ਪ੍ਰਕਾਰ ਦੀ ਸਹਾਇਤਾ ਜਾਂ ਮਾਪਿਆਂ ਦੀ ਸਲਾਨਾ ਆਮਦਨ ਕੋਈ ਰੁਕਾਵਟ ਨਹੀਂ ਹੋਵੇਗੀ।
8. ਸਮੇ ਸਿਰ ਪ੍ਰਾਪਤ ਨਾ ਹੋਣ ਵਾਲ਼ੇ ਅਤੇ ਅਧੂਰੇ ਫ਼ਾਰਮਾਂ ਨੂੰ ਸਹਾਇਤਾ ਲਈ ਨਹੀਂ ਵਿਚਾਰਿਆ ਜਾਵੇਗਾ।

9 ਸਕੂਲ ਦਾ ਨਾਂ, ਟੈਲੀਫ਼ੋਨ ਨੰਬਰ ਅਤੇ ਵਿਦਿਆਰਥੀ ਦਾ ਨਾਂ ਅੰਗਰੇ**ਜ਼ੀ ਵੱਡੇ ਅੱਖਰਾਂ ਵਿੱਚ ਜ਼ਰੂਰ ਲਿੱਖਿਆ ਜਾਵੇ।**

ਪੰਜਾਬ ਸਕੂਲ ਸਿੱਖਿਆ ਬੋਰਡ

ਐਡੀਸ਼ਨ 2016

**All rights including those of translation, reproduction, annotation etc.**
**are reserved by the Punjab School Education Board.**

## ਲੋੜ ਪੈਣ 'ਤੇ ਸੰਪਰਕ ਅਤੇ ਪੁੱਛ-ਗਿੱਛ ਲਈ

| | | |
|---|---|---|
| 1. | ਡਿਪਟੀ ਡਾਇਰੈਕਟਰ | 98550-82821 (0172-5227192) |
| 2. | ਸੁਪਰਡੰਟ (ਅੰਗਹੀਨ ਅਤੇ ਸਰਟੀਫ਼ਿਕੇਟਾਂ ਦੀ ਜਾਣਕਾਰੀ ਲਈ) | 94171-21195 (0172-5227193) |
| 3. | ਡਾ. ਪਰਮਜੀਤ ਸਿੰਘ ਸੰਧੂ, ਵਿਸ਼ਾ ਮਾਹਿਰ | 98147-11456 (0172-5227194) |
| 4. | ਸ੍ਰੀ ਹਰਜਿੰਦਰ ਪਾਲ ਸਿੰਘ, ਵਿਸ਼ਾ ਮਾਹਿਰ | 98880-22647 (0172-5227198) |

ਦਫ਼ਤਰ: ਇੰਨਚਾਰਜ ਫੀਲਡ ਪ੍ਰੋਗਰਾਮ

ਫ਼ੋਨ ਨੰ: 0172-5227192

**Published by**

**Secretary, Punjab School Education Board,**

**Vidya Bhawan, Phase-8, Sector-62**

**Sahibzada Ajit Singh Nagar**

**Pin code: 160062**

ਪਹਿਚਾਨ ਪੱਤਰ ਦਾ ਨਮੂਨਾ

ਸ਼ੈਸ਼ਨ 2016-17

ਪੱਧਰ ..................................

ਵਿਦਿਆਰਥੀ/ਵਿਅਕਤੀ ਦਾ ਨਾਂ ....................................

ਪਿਤਾ ਦਾ ਨਾਂ: ........................................................

ਸ੍ਰੇਣੀ : ..................................................................

ਸਕੂਲ/ਘਰ ਦਾ ਪਤਾ:...................................................

ਦਾਖਲਾ ਖਾਰਜ ਰਜਿਸਟਰ ਦਾ ਕ੍ਰਮਾਂਕ ਨੰ. ........................ (ਕੇਵਲ ਵਿਦਿਆਰਥੀਆਂ ਲਈ)

ਸਾਜਿੰਦੇ ਦਾ ਪੂਰਾ ਨਾਂ ਅਤੇ ਪਤਾ .....................................................................

**ਮੈਂ ਤਸਦੀਕ ਕਰਦਾ ਹਾਂ ਕਿ ਉਪਰੋਕਤ ਵੇਰਵੇ ਸਹੀ ਹਨ ਸਾਜਿੰਦੇ ਦੇ ਤੌਰ ਤੇ ਉਪਰੋਕਤ ਵਿਅਕਤੀ ਇਸੇ ਸਕੂਲ ਨਾਲ ਸੰਬੰਧਤ ਕੋਚ/ਚੇਲੀ ਹੈ?**

**ਹੈੱਡ ਮਾਸਟਰ/ਪ੍ਰਿੰਸੀਪਲ ਮੁਹਰ**